ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਵੀਰਵਾਰ, 27 ਫਰਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੧੬ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਪੰਜਾਬ 'ਚ ਪੰਜਾਬੀ ਨਾ ਪੜ੍ਹਾਉਣ ਵਾਲੇ ਬੋਰਡਾਂ ਅਤੇ ਸਕੂਲਾਂ ਨੂੰ ਸਰਕਾਰ ਦੀ ਹਿਦਾਇਤ, ਨੋਟੀਫਿਕੇਸ਼ਨ ਜਾਰੀ

**ਚੰਡੀਗੜ੍ਹ, 26 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਨੇ ਸੂਬੇ ਵਿੱਚ ਚੱਲ ਰਹੇ ਸਾਰੇ ਸਿੱਖਿਆ ਬੋਰਡਾਂ ਅਤੇ ਸਕੂਲਾਂ ਨੂੰ ਹਦਾਇਤ ਕੀਤੀ ਹੈ ਕਿ ਉਨ੍ਹਾਂ ਨੂੰ ਵਿਦਿਆਰਥੀਆਂ ਨੂੰ ਪੰਜਾਬੀ ਨੂੰ ਜ਼ਰੂਰੀ ਵਿਸ਼ੇ ਦੇ ਤੌਰ 'ਤੇ ਪੜ੍ਹਾਉਣਾ ਪਵੇਗਾ। ਇਸ ਸਬੰਧੀ ਸਰਕਾਰ ਨੇ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਇਸ ਮਾਮਲੇ ਸਬੰਧੀ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪ੍ਰੈਸ ਕਾਨਫਰੰਸ ਵੀ ਕੀਤੀ ਹੈ। ਇਸ ਸਬੰਧ ਵਿੱਚ ਰਾਜ ਐਕਟ ਵਿੱਚ ਪ੍ਰਬੰਧ ਕੀਤਾ ਗਿਆ ਹੈ। ਇਸ ਅਨੁਸਾਰ, ਦਸਵੀਂ ਜਮਾਤ ਦੇ ਕਿਸੇ ਵੀ ਵਿਦਿਆਰਥੀ ਨੂੰ ਪੰਜਾਬੀ ਤੋਂ ਬਿਨਾਂ ਪਾਸ ਨਹੀਂ ਐਲਾਨਿਆ ਜਾਵੇਗਾ। ਜਿਹੜੇ ਸਕੂਲ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕਰਨਗੇ, ਉਨ੍ਹਾਂ ਵਿਰੁੱਧ ਪੰਜਾਬ ਭਾਸ਼ਾ ਐਕਟ 2008 ਤਹਿਤ ਕਾਰਵਾਈ ਕੀਤੀ ਜਾਵੇਗੀ।

ਨੋਟੀਫਿਕੇਸ਼ਨ ਵਿੱਚ ਮੁੱਖ ਤੌਰ 'ਤੇ ਤਿੰਨ ਨੁਕਤੇ ਹਨ –

1. ਕਿਸੇ ਵੀ ਵਿਦਿਆਰਥੀ ਨੂੰ ਦਸਵੀਂ ਜਮਾਤ ਵਿੱਚ ਪੰਜਾਬੀ ਪੜ੍ਹੇ ਬਿਨਾਂ ਪਾਸ ਨਹੀਂ ਕੀਤਾ ਜਾਵੇਗਾ।
2. ਪੰਜਾਬ ਦੇ ਕਿਸੇ ਵੀ ਬੋਰਡ ਨਾਲ ਸਬੰਧਤ ਸਕੂਲ ਵਿੱਚ ਪੰਜਾਬੀ ਨੂੰ ਮੁੱਖ ਭਾਸ਼ਾ ਵਜੋਂ ਪੜ੍ਹਾਇਆ ਜਾਣਾ ਚਾਹੀਦਾ ਹੈ।
3. ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਵਿਰੁੱਧ ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਸਿੱਖਿਆ ਐਕਟ, 2008 ਅਤੇ ਸਮੇਂ-ਸਮੇਂ 'ਤੇ ਇਸ ਵਿੱਚ ਕੀਤੀਆਂ ਜਾਣ ਵਾਲੀਆਂ ਸੋਧਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਪੰਜਾਬ ਸਰਕਾਰ ਦਾ ਹਾਈਕੋਰਟ 'ਚ ਖੁਲਾਸਾ

# 1 ਸਾਲ ਦੌਰਾਨ 474.49 ਕਰੋੜ ਰੁਪਏ ਦੀ ਸਾਈਬਰ ਧੋਖਾਧੜੀ !

**ਚੰਡੀਗੜ੍ਹ, 26 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪਿਛਲੇ ਇੱਕ ਸਾਲ ਦੌਰਾਨ ਪੰਜਾਬ ਵਿੱਚ 474.49 ਕਰੋੜ ਰੁਪਏ ਦੀ ਸਾਈਬਰ ਧੋਖਾਧੜੀ ਹੋਈ, ਪਰ ਸਿਰਫ਼ 69 ਲੱਖ ਰੁਪਏ ਹੀ ਬਰਾਮਦ ਹੋਏ। ਪੰਜਾਬ ਸਰਕਾਰ ਨੇ ਹਾਈ ਕੋਰਟ ਵਿੱਚ ਪੇਸ਼ ਕੀਤੀ ਰਿਪੋਰਟ ਵਿੱਚ ਇਹ ਖੁਲਾਸਾ ਕੀਤਾ ਹੈ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਇਸ 'ਤੇ ਕਾਬੂ ਪਾਉਣ ਲਈ ਸਖ਼ਤ ਕਦਮ ਚੁੱਕਣ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਸਰਕਾਰ ਤੋਂ ਵੀ ਪੁੱਛਿਆ ਕਿ ਜਿਨ੍ਹਾਂ ਮਾਮਲਿਆਂ ਵਿੱਚ ਅਜੇ ਤੱਕ ਮੁਲਜ਼ਮ ਫੜੇ ਨਹੀਂ ਗਏ, ਉਨ੍ਹਾਂ ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ? ਹਾਈ ਕੋਰਟ ਨੇ ਇਹ ਹੁਕਮ ਪੰਜਾਬ ਦੇ ਸਿਹਤ ਵਿਭਾਗ ਦੇ ਸੇਵਾਮੁਕਤ ਅਧਿਕਾਰੀ ਡਾਕਟਰ ਕਰਮਜੀਤ ਸਿੰਘ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਦਿੱਤੇ ਹਨ। ਦਾਇਰ



ਪਟੀਸ਼ਨ 'ਚ ਪਟੀਸ਼ਨਕਰਤਾ ਨੇ ਕਿਹਾ ਸੀ ਕਿ ਉਸ ਨਾਲ ਸਾਈਬਰ ਠੱਗੀ ਹੋਈ ਹੈ। ਉਨ੍ਹਾਂ ਨੂੰ 'ਸੀਕ੍ਰੇਟ ਏਸਕੇਪਸ' ਟੈਲੀਗ੍ਰਾਮ ਗਰੁੱਪ ਰਾਹੀਂ ਕੰਮ ਕਰਨ ਵਾਲੇ ਘੁਟਾਲੇਬਾਜ਼ਾਂ ਰਾਹੀਂ ਧੋਖਾ ਦਿੱਤਾ ਗਿਆ ਅਤੇ ਮੁਨਾਫ਼ੇ ਦਾ ਵਾਅਦਾ ਕਰਕੇ ਨਿਵੇਸ਼ ਕਰਨ ਦਾ ਲਾਲਚ ਦਿੱਤਾ ਗਿਆ। ਬਾਅਦ ਵਿੱਚ ਉਸ ਨੂੰ ਪਤਾ ਲੱਗਾ ਕਿ ਉਹ ਸਾਈਬਰ ਧੋਖਾਧੜੀ ਦਾ ਸ਼ਿਕਾਰ ਹੋ ਗਿਆ ਹੈ। ਉਨ੍ਹਾਂ ਨੇ ਸਾਈਬਰ ਪੁਲਿਸ ਨੂੰ ਸ਼ਿਕਾਇਤ ਕੀਤੀ ਅਤੇ ਧੋਖੇਬਾਜ਼ਾਂ ਬਾਰੇ ਜਾਣਕਾਰੀ ਵੀ ਦਿੱਤੀ ਪਰ ਇਸ ਦੇ ਬਾਵਜੂਦ ਪੁਲਿਸ ਨੇ ਮਾਮਲਾ ਦਰਜ ਨਹੀਂ ਕੀਤਾ। ਜਦੋਂਕਿ ਨਵੇਂ ਕਾਨੂੰਨ ਅਨੁਸਾਰ ਸ਼ਿਕਾਇਤ 'ਤੇ 14 ਦਿਨਾਂ ਦੀ ਜਾਂਚ ਤੋਂ ਬਾਅਦ ਐਫਆਈਆਰ ਦਰਜ ਕਰਨ ਦੀ ਵਿਵਸਥਾ ਹੈ। ਪਟੀਸ਼ਨ 'ਤੇ ਸੁਣਵਾਈ ਕਰਦਿਆਂ ਹਾਈਕੋਰਟ ਨੇ ਪੰਜਾਬ 'ਚ ਪਿਛਲੇ ਇਕ ਸਾਲ ਦੌਰਾਨ ਸਾਈਬਰ ਧੋਖਾਧੜੀ ਦੇ ਮਾਮਲਿਆਂ ਦੀ ਜਾਣਕਾਰੀ ਮੰਗੀ ਸੀ। ਸਰਕਾਰ ਨੇ ਇਸ ਹੁਕਮ 'ਤੇ ਇਹ ਜਾਣਕਾਰੀ ਦਿੱਤੀ ਹੈ।

## "ਪੰਜਾਬ ਨੂੰ ਦਿੱਲੀ ਵਾਸਤੇ ਕੁਰਬਾਨੀ ਦੇਣ ਲਈ ਤਿਆਰ ਕੀਤਾ ਜਾ ਰਿਹਾ" ਵਿਰੋਧੀਆਂ ਦਾ ਕੇਜਰੀਵਾਲ ਨੂੰ ਲੈ ਕੇ ਮੁੱਖ ਮੰਤਰੀ 'ਤੇ ਤੰਜ

**ਚੰਡੀਗੜ੍ਹ, 26 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਆਮ ਆਦਮੀ ਪਾਰਟੀ ਵੱਲੋਂ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਲੁਧਿਆਣਾ ਪੱਛਮੀ ਵਿਧਾਨ ਸਭਾ ਦੀ ਜ਼ਿਮਨੀ ਚੋਣ ਲਈ ਉਮੀਦਵਾਰ ਐਲਾਨ ਦਿੱਤਾ ਹੈ, ਜਿਸ ਨੂੰ ਲੈ ਕੇ ਵਿਰੋਧੀਆਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਿਆ ਜਾ ਰਿਹਾ ਹੈ ਕਿ ਇਹ ਸਭ ਕੁੱਝ 'ਆਪ' ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖਾਤਰ ਕੀਤਾ ਜਾ ਰਿਹਾ ਹੈ ਅਤੇ ਕੇਜਰੀਵਾਲ ਨੂੰ ਰਾਜ ਸਭਾ ਦੇ ਦਰਵਾਜ਼ੇ ਵੀਆਈਪੀ ਬਣਾ ਕੇ ਰੱਖਣਾ ਹੈ। ਸੰਜੀਵ ਅਰੋੜਾ ਨੂੰ ਉਮੀਦਵਾਰ ਬਣਾਉਣ 'ਤੇ ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਇਹ ਟਿਕਟ ਦੀ ਅਸਲ ਦਾਅਵੇਦਾਰ ਗੋਗੀ ਦੀ ਧਰਮਪਤਨੀ ਦੀ ਬਣਦੀ ਸੀ, ਪਰ ਆਮ ਆਦਮੀ ਪਾਰਟੀ ਨੇ ਧੱਕਾ ਕਰਕੇ ਹੋਏ ਸੀਟ ਖੋਹ ਕੇ ਸੰਜੀਵ ਅਰੋੜਾ ਨੂੰ ਦਿੱਤੀ ਹੈ ਅਤੇ ਅਸਲ ਨਿਸ਼ਾਨਾ ਕੇਜਰੀਵਾਲ ਲਈ ਰਾਜ ਸਭਾ ਸੀਟ ਖਾਲੀ ਕਰਵਾਉਣਾ ਨਿਸ਼ਾਨਾ ਹੈ। ਦੱਸ ਦਈਏ ਕਿ ਲੁਧਿਆਣਾ ਪੱਛਮੀ ਵਿਧਾਨ ਸਭਾ ਦੀ ਸੀਟ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਦੇ ਦਿਹਾਂਤ ਤੋਂ ਬਾਅਦ ਖਾਲੀ ਸੀ, ਜਿਸ 'ਤੇ ਚੋਣ ਹੋਣੀ ਹੈ। ਹਾਲਾਂਕਿ, ਇਸ 'ਤੇ ਵਿਧਾਇਕ ਅਸ਼ੋਕ ਕੁਮਾਰ ਪੱਪੀ ਪਰਾਸ਼ਰ ਨੇ ਕਿਹਾ ਹੈ ਕਿ ਉਹ ਗੋਗੀ ਦੀ ਧਰਮਪਤਨੀ ਨੂੰ ਕਿਸੇ ਹੋਰ ਥਾਂ 'ਤੇ ਅਡਜਸਟ ਕਰਨਗੇ, ਪਰ ਇਹ ਤਾਂ ਹੁਣ ਬਾਅਦ 'ਚ ਹੀ ਪਤਾ ਲੱਗੇਗਾ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਵੀ ਸੰਜੀਵ ਅਰੋੜਾ ਨੂੰ ਉਮੀਦਵਾਰ ਬਣਾਏ ਜਾਣ 'ਤੇ ਆਪਣੇ ਟਵਿੱਟਰ ਅਕਾਊਂਟ ਐਕਸ ਰਾਹੀਂ ਨਿਸ਼ਾਨਾ ਲਾਉਂਦੇ ਕਿਹਾ, "ਅਰਵਿੰਦ ਕੇਜਰੀਵਾਲ ਦੀ ਸੱਤਾ ਲਈ ਲਾਲਸਾ ਬੇਨਕਾਬ ਹੋ ਗਈ ਹੈ। ਆਮ ਆਦਮੀ ਪਾਰਟੀ ਨੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਲੁਧਿਆਣਾ ਪੱਛਮੀ ਤੋਂ ਉਮੀਦਵਾਰ ਬਣਾ ਦਿੱਤਾ ਹੈ। ਹੁਣ ਉਹਨਾਂ ਦੀ ਰਾਜ ਸਭਾ ਸੀਟ ਖਾਲੀ ਕਰਵਾ ਕੇ ਅਰਵਿੰਦ ਕੇਜਰੀਵਾਲ ਜਾਂ ਮਨੀਸ਼ ਸਿਸੋਦੀਆ ਨੂੰ ਪੰਜਾਬ ਤੋਂ ਰਾਜ ਸਭਾ ਮੈਂਬਰ ਬਣਾਇਆ ਜਾਵੇਗਾ ? ਇਕ ਵਾਰ ਫਿਰ ਪੰਜਾਬ ਨੂੰ ਦਿੱਲੀ ਵਾਸਤੇ ਕੁਰਬਾਨੀ ਦੇਣ ਲਈ ਤਿਆਰ ਕੀਤਾ ਜਾ ਰਿਹਾ। ਦਿੱਲੀ ਦੀ ਅਧੀਨਗੀ ਪੰਜਾਬ ਨੂੰ ਬਰਬਾਦ ਕਰ ਰਹੀ ਹੈ ਪਰ ਭਗਵੰਤ ਮਾਨ ਜੀ ਕਹਿੰਦੇ ਕੋਈ ਗੱਲ ਨਹੀਂ। ਦਿੱਲੀ ਵਾਲੇ ਖੁਸ਼ ਹੋਣੇ ਚਾਹੀਦੇ ਹਨ। ਪੰਜਾਬ ਦਾ ਕੀ ਐ।"

## ਪੰਜਾਬ 'ਚ ਚੱਲੀਆਂ ਤਾੜ-ਤਾੜ ਗੋਲੀਆਂ, ਲੋਕਾਂ 'ਚ ਦਹਿਸ਼ਤ ਦਾ ਮਾਹੌਲ; ਪਈਆਂ ਭਾਜੜਾਂ

**ਅੰਮ੍ਰਿਤਸਰ, 26 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਦੇ ਰਾਮਬਲੀ ਚੌਕ ਨੇੜੇ ਸ਼ਿਵਰਾਤਰੀ ਵਾਲੇ ਦਿਨ ਕੁਝ ਬਦਮਾਸ਼ਾਂ ਨੇ ਗੋਲੀਬਾਰੀ ਕੀਤੀ। ਜਿਸ ਵਿੱਚ ਦੋ ਲੋਕ ਗੰਭੀਰ ਜ਼ਖਮੀ ਹੋ ਗਏ। ਗਨੀਮਤ ਰਹੀ ਕਿ ਗੋਲੀਆਂ ਕਿਸੇ ਹੋਰ ਵਿਅਕਤੀ ਨੂੰ ਨਹੀਂ ਲੱਗੀਆਂ। ਇਹ ਘਟਨਾ ਰਾਮਬਲੀ ਚੌਕ 'ਤੇ ਵਾਪਰੀ, ਜੋ ਕਿ ਸ਼ਹਿਰ ਦਾ ਇੱਕ ਵਿਅਸਤ ਚੌਕ ਹੈ।



ਉੱਥੇ ਹੀ ਘਟਨਾ ਵਿੱਚ ਜ਼ਖਮੀ ਹੋਏ ਨੌਜਵਾਨਾਂ ਨੂੰ ਨੇੜਲੇ ਲੋਕਾਂ ਦੀ ਮਦਦ ਨਾਲ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ। ਇਸ ਸਬੰਧੀ ਇਲਾਕੇ ਦੇ ਵਸਨੀਕ ਤਿਲਕ ਰਾਜ ਨੇ ਦੱਸਿਆ ਕਿ ਉਨ੍ਹਾਂ ਨੇ ਉੱਚੀ ਆਵਾਜ਼ ਸੁਣੀ ਅਤੇ ਬਾਅਦ ਵਿੱਚ ਪਤਾ ਲੱਗਿਆ ਕਿ ਗੋਲੀ ਚੱਲੀ ਹੈ। ਗੋਲੀਬਾਰੀ ਵਿੱਚ ਦੋ ਨੌਜਵਾਨ ਵੀ ਜ਼ਖਮੀ ਹੋ ਗਏ। ਜਿਨ੍ਹਾਂ ਨੂੰ ਪੁਲਿਸ ਦੀ ਮਦਦ ਨਾਲ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਗੋਲੀਬਾਰੀ ਕਰਨ ਵਾਲਿਆਂ ਅਤੇ ਜਿਨ੍ਹਾਂ ਨੂੰ ਗੋਲੀ ਲੱਗੀ ਹੈ, ਉਨ੍ਹਾਂ ਦੀ ਹਾਲੇ ਪਛਾਣ ਨਹੀਂ ਹੋ ਸਕੀ ਹੈ। ਹਾਲਾਂਕਿ, ਇੱਕ ਦਾ ਨਾਮ ਅਮਰ ਦੱਸਿਆ ਜਾ ਰਿਹਾ ਹੈ। ਇੱਕ ਨੌਜਵਾਨ ਦੇ ਹੱਥ 'ਤੇ ਅਤੇ ਦੂਜੇ ਦੇ ਪੇਟ 'ਚ ਗੋਲੀ ਲੱਗੀ ਸੀ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਇਸ ਦੇ ਨਾਲ ਹੀ ਮੌਕੇ 'ਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਰਾਮਬਲੀ ਚੌਕ 'ਤੇ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ। ਜਿਸ ਤੋਂ ਬਾਅਦ ਉਹ ਆਪਣੀ ਟੀਮ ਨਾਲ ਜਾਂਚ ਲਈ ਉੱਥੇ ਪਹੁੰਚ ਗਏ ਫਿਲਹਾਲ ਮੌਕੇ 'ਤੇ ਗੋਲੀ ਦਾ ਇੱਕ ਨਿਸ਼ਾਨ ਮਿਲਿਆ ਹੈ। ਇਲਾਜ ਅਧੀਨ ਨੌਜਵਾਨਾਂ ਤੋਂ ਹਸਪਤਾਲ ਜਾ ਕੇ ਪੁੱਛਗਿੱਛ ਕੀਤੀ ਜਾਵੇਗੀ। ਜਿਸ ਨਾਲ ਇਹ ਪਤਾ ਲਗਾਇਆ ਜਾਵੇਗਾ ਕਿ ਉਕਤ ਅਪਰਾਧ ਕਿਸ ਨੇ ਕੀਤਾ ਹੈ। ਜਲਦੀ ਹੀ ਮਾਮਲੇ ਵਿੱਚ ਐਫਆਈਆਰ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾਵੇਗੀ।

## 27 ਫਰਵਰੀ ਨੂੰ ਪੰਜਾਬ ਕੈਬਨਿਟ ਦੀ ਅਹਿਮ ਮੀਟਿੰਗ, ਜਾਰੀ ਹੋਇਆ ਨੋਟੀਫਿਕੇਸ਼ਨ

**ਚੰਡੀਗੜ੍ਹ, 26 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 27 ਫਰਵਰੀ ਨੂੰ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਸੱਦੀ ਗਈ ਹੈ। ਜਿਸ ਨੂੰ ਲੈ ਕੇ ਨੋਟੀਫਿਕੇਸ਼ਨ ਜਾਰੀ ਹੋ ਗਿਆ ਹੈ। ਪਰ ਇਸ ਵਿੱਚ ਦੱਸਿਆ ਨਹੀਂ ਗਿਆ ਹੈ ਕਿ ਏਜੰਡਾ ਕੀ ਹੋਏਗਾ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਦੇ ਵਿੱਚ 27 ਫਰਵਰੀ ਦਿਨ ਵੀਰਵਾਰ ਨੂੰ ਪੰਜਾਬ ਕੈਬਨਿਟ ਦੀ ਅਹਿਮ ਮੀਟਿੰਗ ਹੋਣ ਜਾ ਰਹੀ ਹੈ। ਇਹ ਮੀਟਿੰਗ ਚੰਡੀਗੜ੍ਹ ਵਿੱਚ ਸਥਿਤ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਦੁਪਹਿਰ 12 ਵਜੇ ਹੋਵੇਗੀ। ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੇ ਆਖਰੀ ਦਿਨ ਸਦਨ ਨੇ ਕੇਂਦਰ ਸਰਕਾਰ ਦਾ ਕੌਮੀ ਖੇਤੀ ਮੰਡੀ ਨੀਤੀ ਦਾ ਖਰੜਾ ਸਰਬਸੰਮਤੀ ਨਾਲ ਰੱਦ ਕਰ ਦਿੱਤਾ।

## ਝਾਰਖੰਡ ਹਾਈ ਕੋਰਟ ਨੇ 1984 ਸਿੱਖ ਕਤਲੇਆਮ ਮਾਮਲਿਆਂ ਬਾਰੇ ਸਰਕਾਰ ਨੂੰ ਇੱਕ ਮੈਂਬਰੀ ਕਮਿਸ਼ਨ ਦੀ ਰਿਪੋਰਟ ਜਲਦੀ ਪੇਸ਼ ਕਰਨ ਦੇ ਦਿੱਤੇ ਨਿਰਦੇਸ਼

**ਨਵੀਂ ਦਿੱਲੀ 26 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:- ਝਾਰਖੰਡ ਹਾਈ ਕੋਰਟ ਨੇ ਸਤਨਾਮ ਸਿੰਘ ਗੰਭੀਰ ਵੱਲੋਂ ਝਾਰਖੰਡ ਵਿੱਚ ਨਵੰਬਰ 1984 ਦੇ ਸਿੱਖ ਕਤਲੇਆਮ ਵਿਚ ਪ੍ਰਭਾਵਿਤ ਹੋਏ ਲੋਕਾਂ ਨੂੰ ਮੁਆਵਜ਼ਾ ਦੇਣ ਅਤੇ ਸਿੱਖਾਂ ਨਾਲ ਸਬੰਧਤ ਅਪਰਾਧਿਕ ਮਾਮਲਿਆਂ ਦੀ ਨਿਗਰਾਨੀ ਲਈ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਕੀਤੀ। ਮਾਮਲੇ ਦੀ ਜਾਣਕਾਰੀ ਦੇਂਦਿਆ ਸਤਨਾਮ ਸਿੰਘ ਗੰਭੀਰ ਨੇ ਦਸਿਆ ਕਿ ਇਸ ਮਾਮਲੇ ਵਿੱਚ ਹੁਣ ਤੱਕ ਇੱਕ ਮੈਂਬਰੀ ਕਮਿਸ਼ਨ ਦੀ ਰਿਪੋਰਟ ਅਦਾਲਤ ਵਿੱਚ ਪੇਸ਼ ਨਾ ਕੀਤੇ ਜਾਣ 'ਤੇ ਅਦਾਲਤ ਵਲੋਂ ਅਸੰਤੁਸ਼ਟੀ ਪ੍ਰਗਟ ਕੀਤੀ ਗਈ ਹੈ । ਰਾਜ ਸਰਕਾਰ ਤੋਂ ਪੁੱਛਿਆ ਗਿਆ ਹੈ ਕਿ ਇਹ ਰਿਪੋਰਟ ਕਦੋਂ ਸੌਂਪੀ ਜਾਵੇਗੀ ਤੇ ਨਾਲ ਹੀ ਸੂਬਾ ਸਰਕਾਰ ਨੂੰ ਵਨ ਮੈਨ ਕਮਿਸ਼ਨ ਦੀ ਰਿਪੋਰਟ ਜਲਦੀ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਅਦਾਲਤ ਨੇ




ਕਿਹਾ ਕਿ ਰਿਪੋਰਟ ਸਿਰਫ਼ ਇਹ ਸਪੱਸ਼ਟ ਕਰੇਗੀ ਕਿ ਕਿੰਨੇ ਪੀੜਤਾਂ ਨੂੰ ਮੁਆਵਜ਼ਾ ਮਿਲਿਆ ਹੈ ਅਤੇ ਕਿੰਨੇ ਪੀੜਿਤ ਬਾਕੀ ਹਨ। ਪਿਛਲੀ ਸੁਣਵਾਈ ਵਿੱਚ, ਰਾਜ ਸਰਕਾਰ ਨੇ ਅਦਾਲਤ ਨੂੰ ਦੱਸਿਆ ਸੀ ਕਿ ਮੁਆਵਜ਼ੇ ਦੀ ਅਦਾਇਗੀ ਦੀ ਪ੍ਰਕਿਰਿਆ ਲਗਭਗ ਪੂਰੀ ਹੋ ਗਈ ਹੈ। ਵਨ ਮੈਨ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੇ ਗਏ 41 ਪੀੜਤਾਂ ਵਿੱਚੋਂ, 39 ਪੀੜਤਾਂ ਨੂੰ ਮੁਆਵਜ਼ਾ ਦਿੱਤਾ ਗਿਆ ਹੈ। ਪਿਛਲੀ ਸੁਣਵਾਈ ਵਿੱਚ, ਬਿਨੈਕਾਰ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਸੀ ਕਿ ਕਮਿਸ਼ਨ ਨੇ ਰਾਜ ਸਰਕਾਰ ਨੂੰ ਚਾਰ ਜ਼ਿਲ੍ਹਿਆਂ ਵਿੱਚ ਸਿੱਖ ਕਤਲੇਆਮ ਪੀੜਤਾਂ ਨੂੰ ਮੁਆਵਜ਼ਾ ਦੇਣ ਦੇ ਨਿਰਦੇਸ਼ ਦਿੱਤੇ ਸਨ। ਇਸ ਦੇ ਨਾਲ ਹੀ, ਰਾਜ ਸਰਕਾਰ ਨੇ ਕਿਹਾ ਸੀ ਕਿ ਹਾਈ ਕੋਰਟ ਦੁਆਰਾ ਗਠਿਤ ਇੱਕ ਮੈਂਬਰੀ ਕਮਿਸ਼ਨ ਦੀ ਰਿਪੋਰਟ ਦੇ ਤਹਿਤ ਮੁਆਵਜ਼ੇ ਦੀ ਅਦਾਇਗੀ ਦੀ ਪ੍ਰਕਿਰਿਆ ਚੱਲ ਰਹੀ ਹੈ। ਹਾਈ ਕੋਰਟ ਦੇ ਹੁਕਮਾਂ 'ਤੇ ਸਿੱਖ ਕਤਲੇਆਮ ਦੇ ਮਾਮਲੇ ਦੀ ਜਾਂਚ ਲਈ ਸੇਵਾਮੁਕਤ ਜਸਟਿਸ ਡੀਪੀ ਸਿੰਘ ਦੀ ਪ੍ਰਧਾਨਗੀ ਹੇਠ ਇੱਕ ਮੈਂਬਰੀ ਕਮਿਸ਼ਨ ਬਣਾਇਆ ਗਿਆ ਹੈ। ਕਮਿਸ਼ਨ ਨੇ ਆਪਣੀ ਰਿਪੋਰਟ ਰਾਜ ਸਰਕਾਰ ਨੂੰ ਸੌਂਪ ਦਿੱਤੀ ਸੀ । ਕਮਿਸ਼ਨ ਨੇ ਸਿੱਖ ਕਤਲੇਆਮ ਤੋਂ ਪ੍ਰਭਾਵਿਤ ਝਾਰਖੰਡ ਦੇ ਚਾਰ ਜ਼ਿਲ੍ਹਿਆਂ, ਰਾਂਚੀ, ਰਾਮਗੜ੍ਹ, ਬੋਕਾਰੋ ਅਤੇ ਪਲਾਮੂ ਦੇ ਲੋਕਾਂ ਨੂੰ ਮੁਆਵਜ਼ਾ ਦੇਣ ਸੰਬੰਧੀ ਇੱਕ ਆਦੇਸ਼ ਪਾਸ ਕੀਤਾ ਹੈ। ਅਦਾਲਤ ਅੰਦਰ ਚਲ ਰਹੇ ਮਾਮਲੇ ਦੀ ਅਗਲੀ ਸੁਣਵਾਈ 8 ਅਪ੍ਰੈਲ ਨੂੰ ਹੋਵੇਗੀ।

## ਜਗਜੀਤ ਸਿੰਘ ਡੱਲੇਵਾਲ ਦੀ ਵਿਗੜੀ ਸਿਹਤ, ਸੱਦੀ ਗਈ ਐਮਰਜੈਂਸੀ ਪ੍ਰੈੱਸ ਕਾਨਫ਼ਰੰਸ

**ਸੰਗਰੂਰ, 26 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪਿਛਲੇ 93 ਦਿਨਾਂ ਤੋਂ ਪੰਜਾਬ-ਹਰਿਆਣਾ ਦੀ ਖਨੌਰੀ ਸਰਹੱਦ 'ਤੇ ਭੁੱਖ ਹੜਤਾਲ 'ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਬੀਮਾਰ ਹੋ ਗਏ ਹਨ। ਮਿਲੀ ਜਾਣਕਾਰੀ ਮੁਪਤਾਬਕ ਬਲੱਡ ਪ੍ਰੈਸ਼ਰ ਵਧਣ ਤੋਂ ਬਾਅਦ ਅਚਾਨਕ ਉਨ੍ਹਾਂ ਨੂੰ ਕਰੀਬ 103.6 ਡਿਗਰੀ ਬੁਖ਼ਾਰ ਹੋ ਗਿਆ ਹੈ। ਉਥੇ ਹੀ ਡਾਕਟਰਾਂ ਦੀ ਇਕ ਟੀਮ ਵੱਲੋਂ ਉਨ੍ਹਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਜਗਜੀਤ ਸਿੰਘ ਡੱਲੇਵਾਲ ਦੇ ਸਿਰ 'ਤੇ ਪਾਣੀ ਦੀਆਂ ਪੱਟੀਆਂ ਰੱਖ ਕੇ ਬੁਖ਼ਾਰ ਘਟਾਉਣ ਦੇ ਯਤਨ ਕੀਤੇ ਜਾ ਰਹੇ ਹਨ। ਕਿਸਾਨ



ਨੇਤਾ ਅਭਿਮਨਿਊ ਕੋਹਾੜ ਨੇ ਦੱਸਿਆ ਕਿ ਡੱਲੇਵਾਲ ਜੀ ਦੀ ਸਿਹਤ ਕੱਲ੍ਹ ਵਿਗੜ ਗਈ ਸੀ। ਅੱਜ ਸਵੇਰੇ 5 ਵਜੇ ਡੱਲੇਵਾਲ ਜੀ ਨੂੰ ਤੇਜ਼ ਬੁਖ਼ਾਰ (103.6) ਹੋ ਗਿਆ ਸੀ। ਮੈਡੀਕਲ ਰਿਪੋਰਟਾਂ ਵਿੱਚ ਜਗਜੀਤ ਸਿੰਘ ਡੱਲੇਵਾਲ ਜੀ ਦੇ ਪਿਸ਼ਾਬ 'ਚ ਕੀਟੋਨ ਰਿਪੋਰਟ ਪਾਜ਼ੀਟਿਵ ਆਈ ਹੈ। ਦਾਤਾ ਸਿੰਘਵਾਲਾ-ਖਨੌਰੀ ਕਿਸਾਨ ਮੋਰਚਾ ਅੱਜ ਸ਼ਾਮ 5 ਵਜੇ ਡੱਲੇਵਾਲ ਦੀ ਵਿਗੜਦੀ ਸਿਹਤ ਦੇ ਮੁੱਦੇ 'ਤੇ ਇਕ ਐਮਰਜੈਂਸੀ ਪ੍ਰੈਸ ਕਾਨਫ਼ਰੰਸ ਹੋਣ ਜਾ ਰਹੀ ਹੈ। ਉਨ੍ਹਾਂ ਨੇ ਲੋਕਾਂ ਅਤੇ ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਖਨੌਰੀ ਸਰਹੱਦ 'ਤੇ ਪਹੁੰਚਣ ਦੀ ਅਪੀਲ ਕੀਤੀ ਸੀ ਤਾਂ ਜੋ ਇਸ ਅੰਦੋਲਨ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਜਿੱਤਿਆ ਜਾ ਸਕੇ। ਦੱਸਣਯੋਗ ਹੈ ਕਿ ਕਿਸਾਨ ਆਗੂ ਜਗਜੀਤ ਡੱਲੇਵਾਲ ਨੇ ਆਪਣੀ ਡੱਲੇਵਾਲ ਨੇ ਆਪਣੀ ਜਾਇਦਾਦ ਆਪਣੇ ਪੁੱਤਰ, ਨੂੰਹ ਅਤੇ ਪੋਤੇ ਦੇ ਨਾਂਅ ਕਰਨ ਤੋਂ ਬਾਅਦ ਮਰਨ ਵਰਤ ਸ਼ੁਰੂ ਕੀਤਾ ਸੀ। 26 ਨਵੰਬਰ 2024 ਨੂੰ ਭੁੱਖ ਹੜਤਾਲ ਤੋਂ ਪਹਿਲਾਂ, ਉਨ੍ਹਾਂ ਨੂੰ ਪੰਜਾਬ ਪੁਲਸ ਨੇ ਹਿਰਾਸਤ ਵਿੱਚ ਲੈ ਲਿਆ ਸੀ ਪਰ ਉਨ੍ਹਾਂ ਨੇ ਉਥੇ ਹੀ ਵਰਤ ਰੱਖਣਾ ਸ਼ੁਰੂ ਕਰ ਦਿੱਤਾ। ਕਿਸਾਨਾਂ ਦੇ ਦਬਾਅ ਹੇਠ ਪੰਜਾਬ ਪੁਲਸ ਨੇ ਉਨ੍ਹਾਂ ਨੂੰ 1 ਦਸੰਬਰ ਨੂੰ ਰਿਹਾਅ ਕਰ ਦਿੱਤਾ। ਡੱਲੇਵਾਲ ਦਾ ਮਰਨ ਵਰਤ ਉਦੋਂ ਤੋਂ ਹੀ ਜਾਰੀ ਹੈ। ਇਹ ਸਾਰਾ ਮਾਮਲਾ ਸੁਪਰੀਮ ਕੋਰਟ ਤੱਕ ਵੀ ਪਹੁੰਚਿਆ ਸੀ ਪਰ ਡੱਲੇਵਾਲ ਨੇ ਡਾਕਟਰੀ ਸਹਾਇਤਾ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੀ ਸਿਹਤ ਨੂੰ ਲੈ ਕੇ ਅਦਾਲਤ ਵਿੱਚ ਲਗਭਗ 10 ਵਾਰ ਸੁਣਵਾਈ ਹੋਈ ਸੀ। ਇਸ ਤੋਂ ਬਾਅਦ ਕੇਂਦਰ ਨੇ 14 ਫਰਵਰੀ ਨੂੰ ਗੱਲਬਾਤ ਲਈ ਸੱਦਾ ਦਿੱਤਾ। ਫਿਰ ਡੱਲੇਵਾਲ ਡਾਕਟਰੀ ਸਹੂਲਤ ਲੈਣ ਲਈ ਰਾਜ਼ੀ ਹੋ ਗਏ।




# Pakistan Gurdwara Yatra

## 28th October to 7th November 2025

**Yatra Includes 25+ Gurudwara Sahib Darshan.**
**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ
ਵਿਖੇ ਸ੍ਰੀ ਨਨਕਾਣਾ ਸਾਹਿਬ
ਤੋਂ ਇਲਾਵਾ 25 ਹੋਰ
ਗੁਰਦੁਆਰਾ ਸਾਹਿਬਾਨ ਦੇ ਦਰਸ਼ਨ
**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

★-- ਗੁਰੂ ਪੰਥ ਦੇ ਸੇਵਾਦਾਰ --★

**ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK**

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net




ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243




ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਵੱਲੋਂ ਆਰੰਭੇ ਹੋਏ ਸੰਘਰਸ਼ ਦੇ ਮਹਾਨ ਯੋਧੇ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ, ਭਿੰਡਰਾਂਵਾਲਾ ਟਾਈਗਰਜ਼ ਫੋਰਸ ਆਫ਼ ਖਾਲਿਸਤਾਨ (BTFK) ਦੇ ਮੁੱਖੀ

### ਸ਼ਹੀਦ ਬਾਬਾ ਗੁਰਬਚਨ ਸਿੰਘ ਜੀ ਮਾਨੋਚਾਹਲ ਦੇ







## 32 ਵੇਂ ਸ਼ਹੀਦੀ ਦਿਹਾੜੇ

ਮੌਕੇ ਸ਼ਹੀਦ ਬਾਪੂ ਆਤਮਾ ਸਿੰਘ, ਮਾਤਾ ਗੁਰਮੇਜ ਕੌਰ ਅਤੇ ਭਰਾਤਾ ਭਾਈ ਨਿਰਵੈਰ ਸਿੰਘ ਜੀ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ

# ਮਹਾਨ ਸ਼ਹੀਦੀ ਸਮਾਗਮ

## ਗੁ: ਸ਼ਹੀਦ ਬਾਬਾ ਬੀਰ ਸਿੰਘ ਜੀ ਪਿੰਡ ਮਾਨੋਚਾਹਲ ਤਰਨ ਤਾਰਨ ਵਿਖੇ

## 28 ਫਰਵਰੀ 2025 ਦਿਨ ਸ਼ੁੱਕਰਵਾਰ ਨੂੰ ਕਰਵਾਇਆ ਜਾ ਰਿਹਾ ਹੈ

ਪ੍ਰੋਗਰਾਮ ਦਾ ਸਿੱਧਾ ਪ੍ਰਸ਼ਾਰਣ
ਆਵਾਜ਼ਿ ਕੌਮ AWAZE QAUM TV
ਤੇ ਹੋਵੇਗਾ

ਇਸ ਮੌਕੇ ਦਮਦਮੀ ਟਕਸਾਲ ਰਾਗੀ ਭਾਈ ਬਲਦੇਵ ਸਿੰਘ ਮਹਿਤਾ, ਢਾਡੀ ਜਥਾ ਭਾਈ ਨਿਰਮਲ ਸਿੰਘ ਨੂਰ, ਕਵੀਸ਼ਰ ਭਾਈ ਨਿਸ਼ਾਨ ਸਿੰਘ ਤਰਾਲ, ਕਵੀਸ਼ਰ ਭਾਈ ਗੁਰਕੀਰਤ ਸਿੰਘ ਤਰਲ ਐੱਮ.ਏ., ਭਾਈ ਹਰਪ੍ਰੀਤ ਸਿੰਘ ਵਡਾਲਾ ਕਥਾ ਵਾਚਕ ਤੇ ਸਟੇਜ ਸੈਕਟਰੀ ਸੰਗਤਾਂ ਨੂੰ ਸ਼ਹੀਦਾਂ ਸਿੰਘਾਂ ਦੀਆਂ ਵਾਰਾਂ ਸੁਣਾ ਕੇ ਨਿਹਾਲ ਕਰਨਗੇ।

ਗੁਰੂ ਕਾ ਲੰਗਰ ਅਟੁੱਟ ਵਰਤੇਗਾ



ਸਿੱਖ ਸੰਗਤਾਂ ਅਤੇ ਸਮੂਹ ਜੱਥੇਬੰਦੀਆਂ ਸਮੇਤ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਨੋਟ : ਸੱਦੇ ਹੋਏ ਜੱਥੇ ਤੋਂ ਬਿਨਾਂ ਕਿਸੇ ਨੂੰ ਟਾਈਮ ਨਹੀ ਦਿੱਤਾ ਜਾਵੇਗਾ

ਵੱਲੋਂ:ਸਮੂਹ ਮਾਨੋਚਾਹਲ ਪਰਿਵਾਰ, ਵਿਸ਼ੇਸ਼ ਸਹਿਯੋਗ: ਨਗਰ ਪੰਚਾਇਤ ਮਾਨੋਚਾਹਲ ਅਤੇ ਸਮੂਹ ਸਿੱਖ ਜੱਥੇਬੰਦੀਆਂ। M:99142-52600 98550-18465

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

• ਭਾਈ ਬਲਜੀਤ ਸਿਘ ਕੰਗ/Bhai Baljit Singh Kang

+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

Website : www.nsycuk.com

E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਿਹ॥

# ਗੁਰੂ ਨਾਨਕ ਗੁਰਦੁਆਰਾ ਸਮੈਦਿਕ






## ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਪ੍ਰਭੂਸੱਤਾ ਅਤੇ ਅਤੇ ਜਥੇਦਾਰਾਂ ਦੇ ਸਨਮਾਨ ਬਹਾਲੀ ਦੇ ਸਬੰਧ ਵਿੱਚ ਗੁਰੂ ਨਾਨਕ ਗੁਰਦੁਆਰਾ ਹਾਈ ਸਟਰੀਟ ਸਮੈਦਿਕ ਵਿਖੇ

# ਵਿਸ਼ਾਲ ਪੰਥਕ ਇਕੱਠ

## 2 ਮਾਰਚ 2025 ਦਿਨ ਐਤਵਾਰ ਦੁਪਹਿਰ 1 ਵਜੇ

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ**

ਗੁਰੂ ਪਿਆਰੇ ਖਾਲਸਾ ਜੀਓ, ਪਿਛਲੇ ਸਾਲ 2 ਦਸੰਬਰ 2024 ਨੂੰ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਫਸੀਲ ਤੋਂ ਸਿੰਘ ਸਾਹਿਬਾਨਾਂ ਵੱਲੋਂ ਆਦੇਸ਼ ਸੁਣਾਏ ਗਏ ਸਨ ਤੋਂ ਉਹਨਾਂ ਆਦੇਸ਼ਾਂ ਤੋਂ ਭਗੋੜੇ ਹੋਣ ਵਾਲਿਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਭੂਸੱਤਾ ਅਤੇ ਜਥੇਦਾਰਾਂ ਦੇ ਅਧਿਕਾਰਾਂ ਉਤੇ ਸਵਾਲ ਖੜੇ ਕਰ ਦਿੱਤੇ ਹਨ ਜਿਸ ਕਰਕੇ ਪੂਰੀ ਦੁਨੀਆ ਦਾ ਸਿੱਖ ਅੱਜ ਬੇਚੈਨ ਅਤੇ ਪਰੇਸ਼ਾਨ ਹੈ। ਇਹਨਾਂ ਮਸਲਿਆਂ ਦਾ ਕੀ ਹੱਲ ਹੋਵੇ ਇਸ ਸਬੰਧ ਵਿੱਚ ਇੰਗਲੈਂਡ ਭਰ ਦੀਆਂ ਸਿੱਖ ਜਥੇਬੰਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਦਰਦੀਆਂ ਦਾ ਵਿਸ਼ਾਲ ਇਕੱਠ ਗੁਰੂ ਨਾਨਕ ਗੁਰਦੁਆਰਾ ਹਾਈ ਸਟਰੀਟ ਸਮੈਦਿਕ ਵਿਖੇ ਸੱਦਿਆ ਗਿਆ ਹੈ। ਜਿੱਥੇ ਪੰਥ ਦਰਦੀਆਂ ਨੂੰ ਖੁੱਲਾ ਸੱਦਾ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਨਾਨਕ ਗੁਰਦੁਆਰਾ ਹਾਈ ਸਟਰੀਟ ਸਮੈਦਿਕ ਵਿਖੇ ਦੁਪਹਿਰ 1 ਵਜੇ ਪਹੁੰਚਣ ਦੀ ਕਿਰਪਾਲਤਾ ਕਰੋ ਜੀ, ਉੱਥੇ ਪੰਥਕ ਵਿਦਵਾਨ ਜਥੇਬੰਦੀਆਂ ਦੇ ਆਗੂ ਅਤੇ ਗੁਰਦੁਆਰਿਆਂ ਦੇ ਪ੍ਰਬੰਧਕ ਵਿਚਾਰ ਕਰਕੇ ਸਾਂਝਾ ਫੈਸਲਾ ਕਰਨਗੇ । ਸੋ ਆਪ ਸਭ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

## ਵਧੇਰੇ ਜਾਣਕਾਰੀ ਲਈ

| | | | |
|---|---|---|---|
| ਭਾਈ ਕੁਲਦੀਪ ਸਿੰਘ ਦਿਓਲ | ਭਾਈ ਕੁਲਦੀਪ ਸਿੰਘ ਚਹੇੜੂ | ਭਾਈ ਰਾਜਮਨਵਿੰਦਰ ਸਿੰਘ ਕੰਗ | ਭਾਈ ਰਘਵੀਰ ਸਿੰਘ ਬੀਰ੍ਹਾ |
| ਮੋ.: 07971931075 | 07938633554 | 07869 113379 | 07930 908368 |

# GURU NANAK GURDWARA

**130 High St, Smethwick, B66 3AP-0121 558 2527**





## ਸ਼੍ਰੋਮਣੀ ਕਮੇਟੀ ਨੇ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ

# ਫੀਸਾਂ ਲਈ ਦਿੱਤੇ 13 ਲੱਖ 44 ਹਜ਼ਾਰ ਰੁਪਏ



**ਨਵੀਂ ਦਿੱਲੀ, 26 ਫ਼ਰਵਰੀ (ਮਨਪ੍ਰੀਤ ਸਿੰਘ ਖਾਲਸਾ):-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਸਕੂਲ/ਕਾਲਜ਼ ਦੀਆਂ ਫੀਸਾਂ ਲਈ 13 ਲੱਖ 44 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਰਾਸ਼ੀ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਸੁਖਵਰਸ਼ ਸਿੰਘ ਪੰਨੂ ਤੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਰਾਏਪੁਰ ਅਤੇ ਛੱਤੀਸਗੜ੍ਹ ਦੇ ਵੱਖ-ਵੱਖ ਥਾਵਾਂ ’ਤੇ ਪੜ੍ਹਦੇ 111 ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਫੀਸਾਂ ਦੇ ਰੂਪ ਵਿਚ ਸਕੂਲਾਂ ਨੂੰ ਸੌਂਪੀ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਹਰ ਸਾਲ ਬੱਚਿਆਂ ਦੀਆਂ ਸਕੂਲ ਫੀਸਾਂ ਭਰਨ ਦਾ ਫੈਸਲਾ ਕੀਤਾ ਹੋਇਆ ਹੈ। ਇਸੇ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਵਿਦਿਅਕ ਅਦਾਰਿਆਂ ਨੂੰ ਇਹ ਫੀਸਾਂ ਭੇਜੀਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਰਾਏਪੁਰ ਤੇ ਛੱਤੀਸਗੜ੍ਹ ਦੇ ਵੱਖ-ਵੱਖ ਸਕੂਲਾਂ ਕਾਲਜਾਂ ਵਿੱਚ ਜਾ ਕੇ ਇਥੇ ਪੜ੍ਹ ਰਹੇ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਫੀਸਾਂ ਸਿੱਧੇ ਤੌਰ ’ਤੇ ਸਕੂਲਾਂ ਤੇ ਕਾਲਜਾਂ ਨੂੰ ਸੌਂਪੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਬੀਤੇ ’ਚ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਅਨੁਸਾਰ ਸਾਲ ਭਰ ਦੀਆਂ ਫੀਸਾਂ ਇਕੋ ਸਮੇਂ ਖੁਦ ਜਾ ਕੇ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ, ਤਾਂ ਜੋ ਇਸ ਦੀ ਸੁਜੋਗ ਵਰਤੋਂ ਯਕੀਨੀ ਬਣੀ ਰਹੇ। ਉਨ੍ਹਾਂ ਕਿਹਾ ਕਿ ਇਹ ਫੀਸਾਂ ਦੇਣ ਦਾ ਮੰਤਵ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਸਿਖਿਅਤ ਕਰਨਾ ਹੈ, ਤਾਂ ਜੋ ਭਵਿੱਖ ਵਿਚ ਉਹ ਆਪਣੇ ਪੈਰਾਂ ’ਤੇ ਖੜ੍ਹੇ ਹੋ ਸਕਣ। ਇਸ ਮੌਕੇ ਉਨ੍ਹਾਂ ਨਾਲ ਇੰਚਾਰਜ ਸ. ਗੁਰਮੀਤ ਸਿੰਘ ਸ਼ੈਣੀ ਤੇ ਗੁਰਦੁਆਰਾ ਇੰਸਪੈਕਟਰ ਸ. ਮੋਹਨਦੀਪ ਸਿੰਘ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV



## ਟਰੱਸਟ ਟੀਮ ਨੇ ਸਿੰਘ ਸਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨਾਲ ਰੰਗਰੇਟਿਆ ਦੇ ਅਹਿਮ ਮੁੱਦਿਆਂ ਤੇ ਕੀਤੀ ਵੀਚਾਰ ਚਰਚਾ



**ਜੰਡਿਆਲਾ ਗੁਰੂ, 26 ਫਰਵਰੀ ( ਕੁਲਵੰਤ ਸਿੰਘ ਵਿਰਦੀ)**-ਸਹੀਦ ਬਾਬਾ ਜੀਵਨ ਸਿੰਘ ਜੀ ਵਿਦਿਅਕ ਤੇ ਭਲਾਈ ਟਰੱਸਟ ਰਜਿ ਚੰਡੀਗੜ੍ਹ ਪੰਜਾਬ, ਚੈਅਰਮੈਨ ਸ੍ਰ ਜਸਵੰਤ ਸਿੰਘ ਕਾਰ ਸੇਵਾ ਵਾਲਿਆਂ ਦੇ ਦਿਸਾ ਨਿਰਦੇਸਾਂ ਅਨੂਸਾਰ ਯੂਨਿਟ ਹਲਕਾ ਬਾਬਾ ਬਕਾਲਾ ਸਹਿਬ ਪ੍ਰਧਾਨ ਸ੍ਰ ਤਰਸੇਮ ਸਿੰਘ ਮੱਟੂ ਰਈਆ ਦੀ ਅਗਵਾਈ ਹੇਠ ਟਰੱਸਟ ਦੇ ਅਹੁਦੇਦਾਰ ਸੇਵਾਦਾਰਾਂ ਵਲੋਂ ਰੰਘਰੇਟਾ ਕੌਮ ਦੇ ਜੰਗੀ ਜਰਨੈਲ ਦਸਮੇਸ ਤਰਨਾਂ ਦਲ ਮਿਸਲ ਬਾਬਾ ਬੀਰ ਸਿੰਘ, ਬਾਬਾ ਧੀਰ ਸਿੰਘ 1300/ ਘੋੜ ਸਵਾਰ ਦੇ ਮੁਖੀ ਸੰਤ ਬਾਬਾ ਮੇਜਰ ਸਿੰਘ ਸੋਢੀ ਨਾਲ ਅਹਿਮ ਮੁਲਾਕਾਤ ਕੀਤੀ ਜਿਨ੍ਹਾਂ ਵਿਚ ਜ਼ਿਲ੍ਹਾ ਅੰਮ੍ਰਿਤਸਰ ਤੋਂ ਪ੍ਰਧਾਨ ਪਰਗਟ ਸਿੰਘ, ਸ੍ਰ ਬਖਸੀਸ ਸਿੰਘ ਅਜਨਾਲਾ, ਕੈਪਟਨ ਜਸਪਾਲ ਸਿੰਘ, ਏ ਐਸ ਆਈ ਸ੍ਰ ਗੁਰਮੀਤ ਸਿੰਘ, ਏ ਐਸ ਆਈ ਸ੍ਰ ਕਰਤਾਰ ਸਿੰਘ, ਜਥੇਦਾਰ ਕੁਲਵੰਤ ਸਿੰਘ, ਨੋ ਜਵਾਨ ਸੇਵਾਦਾਰ ਅਕਾਸ ਦੀਪ ਸਿੰਘ, ਜਿਲਾ ਤਰਨਤਾਰਨ ਤੋਂ ਸ੍ਰ ਬਲਵਿੰਦਰ ਸਿੰਘ, ਸ੍ਰ ਕੁਲਦੀਪ ਸਿੰਘ, ਜਥੇਦਾਰ ਜਗਤ ਸਿੰਘ, ਸ੍ਰ ਹੀਰਾ ਸਿੰਘ, ਹਲਕਾ ਬਾਬਾ ਬਕਾਲਾ ਸਹਿਬ ਤੋਂ ਮੀਤ ਪ੍ਰਧਾਨ ਨੰਬਰਦਾਰ ਗੁਰਦਿਆਲ ਸਿੰਘ ਲੋਹਗੜ,ਸ੍ਰ ਦਲਬੀਰ ਸਿੰਘ ਨਗਰ ਬਾਬਾ ਸਾਵਣ ਸਿੰਘ ਬਿਆਸ,ਯੂਥ ਵਿੰਗ ਦੇ ਹਲਕਾ ਪ੍ਰਧਾਨ ਸਾਬਕਾ ਸਰਪੰਚ ਸ੍ਰ ਹਰਪ੍ਰੀਤ ਸਿੰਘ ਨਗਰ ਬਾਬਾ ਸਾਵਣ ਸਿੰਘ ਬਿਆਸ, ਪ੍ਰਧਾਨ ਸ੍ਰ ਮਾਨ ਸਿੰਘ ਨਗਰ ਬਾਬਾ ਸਾਵਣ ਸਿੰਘ ਸਮੇਤ ਬਾਬਾ ਜੀਵਨ ਸਿੰਘ ਜੀ ਨੂੰ ਪਿਆਰ ਕਰਨ ਵਾਲੇ ਹੋਰ ਬਹੁਤ ਸਾਰੇ ਸਾਥੀ ਹਾਜਰ ਸਨ, ਸਾਰਿਆਂ ਵਲੋ ਬਾਬਾ ਮੇਜਰ ਸਿੰਘ ਸੋਢੀ ਨਾਲ ਰੰਗਰੇਟਾ ਕੌਮ ਦੇ ਅਹਿਮ ਮਸਲਿਆਂ ਅਤੇ ਸਮੁਚੇ ਸਮਾਜ ਨੂੰ ਇਕ ਪਲੇਟ ਫਾਰਮ ਤੇ ਇਕੱਠੇ ਹੋ ਕੇ ਚੱਲਣ ਬਾਰੇ ਖੁੱਲ ਕੇ ਗੱਲਬਾਤ ਕੀਤੀ ਗਈ, ਤੇ ਸੰਨਮਾਂਨ ਵਜੋਂ ਗੁਰੂ ਘਰ ਦੀ ਬਖਸਿਸ ਸਿਰੋਪਾਉ ਭੇਟ ਕੀਤਾ ਗਿਆ, ਬਾਬਾ ਮੇਜਰ ਸਿੰਘ ਜੀ ਸੋਢੀ ਸਹਿਬ ਨੇ ਕਿਹਾ ਕਿ ਅਸੀਂ ਟਰੱਸਟ ਦੇ ਚੇਅਰਮੈਨ ਬਾਬਾ ਬੋਹੜ ਸਤਿਕਾਰ ਯੋਗ ਚੇਅਰਮੈਨ ਸ੍ਰ ਜਸਵੰਤ ਸਿੰਘ ਜੀ ਕਾਰ ਸੇਵਾ ਵਾਲਿਆਂ ਦਾ ਦਿਲੋਂ ਸਤਿਕਾਰ ਕਰਦੇ ਹਾਂ, ਹਮੇਸਾਂ ਕਰਦੇ ਰਹਾਂਗੇ, ਸਾਰੇ ਹਾਜਰ ਹੋਏ ਸਾਥੀਆਂ ਦਾ ਬਹੁਤ ਹੀ ਪਿਆਰ ਸਤਿਕਾਰ ਨਾਲ ਸਵਾਗਤ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

ਜਥੇਦਾਰਾਂ ਦੇ ਦੋਗਲੇ-ਪਨ , ਆਧਾਰ 'ਤੇ

# ਪੰਥ ਤੇ ਕੁਰਬਾਨੀਆਂ ਨੂੰ ਪਿੱਠ ਨਾ ਦਿਓ



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਇਸ ਹਫ਼ਤੇ ਜਥੇਦਾਰ ਅਕਾਲ ਤਖ਼ਤ ਨੂੰ ਜਦ ਸ਼੍ਰੋਮਣੀ ਕਮੇਟੀ ਨੇ ਅਧਿਕਾਰ ਖੇਤਰ ਦਾ ਤਾਹਨਾ ਮਾਰਿਆ ।ਅਸੀਂ (ਫੈਡਰੇਸ਼ਨ) ਨੇ ਇਸ ਗੱਲ ਤੇ ਸਪਸ਼ਟ ਕੀਤਾ ਕਿ ਜਥੇਦਾਰ ਦਾ ਅਧਿਕਾਰ , ਸ਼੍ਰੋਮਣੀ ਕਮੇਟੀ ਵਲੋਂ ਕੀਤੀ ਨਿਯੁਕਤੀ ਤੇ ਅਧੀਨਗੀ , ਆਧਾਰ ਤਹਿਤ ਕੋਈ ਹੱਦ ਬੰਦੀ ਨਹੀਂ ਹੈ । ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਕਰਤੱਵ ਸਿੱਧੇ ਹੀ ਪੂਰੇ ਸੰਸਾਰ ਨਾਲ ਤਾਲਮੇਲ ਦਾ ਆਧਾਰ ਹੈ ।ਪਰ ਜੇ ਸ਼੍ਰੋਮਣੀ ਕਮੇਟੀ ਜਥੇਦਾਰ ਨੂੰ ਤਨਖ਼ਾਹਦਾਰ ਜਾਣ ਕੇ ਕਿਸੇ ਅਧੀਨਗੀ ਦਾ ਪਖ ਦੱਸਦੀ ਹੈ , ਤਦ ਕਮੇਟੀ , ਸਿਧਾਤਕ ਖਿਲਵਾੜ ਕਰਦੀ ਹੈ। ਇਸੇ ਮੁੱਦੇ ਨੂੰ ਲੈ ਕੇ ਫੈਡਰੇਸ਼ਨ ਦੀ ਇਕ ਧਿਰ ਦੇ ਆਗੂ ਭਾਈ ਅਮਰੀਕ ਸਿੰਘ ਗਿੱਲ ਨੇ ਕੁਝ ਸਾਥੀਆਂ ਸਮੇਤ , ਜਥੇਦਾਰ ਵਲੋਂ 2 ਦਸੰਬਰ 2024 ਦੇ ਹੁਕਮਨਾਮੇ ਨੂੰ ਸਿਰਮਥੇ ਮੰਨ ਕੇ , ਇਨ ਬਿਨ ਉਸ ਨਾਲ ਖੜਨ ਦਾ ਐਲਾਨ ਜਿਤਾਇਆ ਹੈ ।ਜੋ ਕਿ ਮੁਦੇ ਨਾਲ ਕੋਈ ਤੁਕ ਨਹੀਂ ਸੀ ਬਣਦੀ ।ਮੁੱਦਾ ਤਾਂ ਸਿਰਫ ਅਕਾਲ ਤਖਤ ਦੇ ਅਧਿਕਾਰ ਖੇਤਰ ਦਾ ਹੀ ਸੀ ।ਪਰ ਪਿਛਲੇ ਚਾਲੀ ਸਾਲ ਤੋਂ ਸੰਘਰਸ਼ ਕਰ ਰਹੇ ,ਅਸੀਂ ਸਾਰੇ ਜਥੇਬੰਦਕ ਤੌਰ ਤੇ ਇਕ ਸੁਰ ਵਿਚ ਉਹਨਾਂ ਸਿੱਖਾਂ ਦੀ ਧਿਰ ਰਹੇ ਹਾਂ। ਜਿਹਨਾਂ ਨੂੰ ਬਾਦਲਕਿਆਂ ਨੇ 1978,1984 ਸਮਿਆਂ ਤੋ 2017 ਤੱਕ ਝੂਠੇ ਪੁਲੀਸ ਮੁਕਾਬਲੇਆਂ ਰਾਹੀਂ ਮਾਰਿਆ ,ਹਜ਼ਾਰਾਂ ਸਿੱਖ ਪਰਿਵਾਰ ਉਜਾੜੇ ।ਬੇਅਦਬੀਆਂ ਦਾ ਦੌਰ ਸੁਮੇਧ ਸੈਣੀ,ਇਜਹਾਰਆਲਮ,ਕੇ ਪੀ ਗਿੱਲ, ਗੋਬਿੰਦ ਰਾਮ ਰਾਮ ਜਿਹੇ ਦਰਿੰਦੇ ਇਹਨਾਂ ਨੇ ਪੈਦਾ ਕੀਤੇ ।ਭਾਈ ਰਘਬੀਰ ਸਿੰਘ,ਹਰਪ੍ਰੀਤ ਸਿੰਘ ਜਥੇਦਾਰਾਂ ਵੱਲੋਂ ਜਾਰੀ 2 ਦਸੰਬਰ ਵਾਲੇ ਹੁਕਮਨਾਮੇ ਵਿੱਚ ਉਪਰੋਕਤ ਹੋਏ ਜ਼ੁਲਮ ਦਾ ਕੋਈ ਜ਼ਿਕਰ ਨਹੀ , ਨਾ ਹੀ ਕਿਸੇ ਸਤਾਏ ਸਿੱਖ ਪਰਿਵਾਰ ਨਾਲ ਕੋਈ ਦੁੱਖ ਸਾਂਝਾ ਕੀਤਾ ਹੈ ।ਅਕਾਲ ਤਖ਼ਤ ਤੇ ਵੱਖ ਵੱਖ ਪੇਸ਼ੀਆਂ ਕਰ ਕੇ ਵੀ, ਜੋ ਹੁਕਮਨਾਮੇ ਵਿੱਚ ਸ਼ਬਦ ਪਾਏ ਗਏ ਕਿ" 2017 ਤੱਕ ਅਕਾਲੀ ਦਲ ਦੀ ਹਾਲਤ ਨੂੰ ਹੀ ਨਿਘਾਰ ਵਿਚ ਗਿਆ ਦੱਸਿਆ ਗਿਆਹੈ , ਹੋਰ ਕੁਝ ਵੀ ਨਹੀਂ ਹੈ । ਜਦ ਕਿ ਸੁਖਬੀਰ ਬਾਦਲ ਨੇ ਇਹ ਕਹਿ ਕੇ ਮੈਂ ਸਾਰੇ ਗੁਨਾਹ ਕਬੂਲਦਾ ਹਾਂ ,ਪੇਸ਼ੀ ਤੇ ਹਾਜ਼ਰ ਹੋਇਆ ਸੀ ।ਪਰ ਜਥੇਦਾਰਾਂ ਨੇ ਕਿਸੇ ਵੀ ਉਪਰੋਕਤ ਦੁਖਾਂਤ ਦਾ ਜ਼ਿਕਰ ਨਹੀਂ ਕੀਤਾ ।ਇਸ ਤਰਾਂ ਜਥੇਦਾਰਾਂ ਨੇ ਬੀਤੇ ਬੇਦਰਦ ਸਮੇਂ ਦੇ ਇਤਿਹਾਸ,ਸ਼ਹੀਦੀਆਂ,ਕੁਰਬਾਨੀਆਂ ਨੂੰ ਪਿੱਠ ਦੇ ਕੇ ਬਾਦਲਾਂ ਨੂੰ ਕਲੀਨ ਚਿਟ ਦੇ ਦਿੱਤੀ ਹੈ । ਅਸੀਂ ਇਸ ਹੁਕਮਨਾਮੇ ਨੂੰ ਉਪਰੋਕਤ ਕਾਰਨਾ ਕਰਕੇ ਮੁੱਢੋਂ ਹੀ ਨਿਕਾਰ ਦਿੱਤਾ ਸੀ ।ਭਾਈ ਅਮਰੀਕ ਸਿੰਘ ਜੀ ਤੁਸੀਂ ਕਾਰਨ ਦੱਸ ਸਕਦੇ ਹੋ ,ਕਿ ਲੰਮੇ ਸਮੇਂ ਦੇ ਕੌਮੀ ਦਖਾਂਤ ਤੇ ਖੂਨੀ ਇਤਿਹਾਸ ਨੂੰ ਅਖੋਂ ਪਰੋਖੇ ਕਰ ਦੇਣ ਵਾਲਾ ਹੁਕਮਨਾਮਾ ਤੁਹਾਨੂੰ ਕਿਉਂ ਕਬੂਲ ਹੈ ?ਤੁਸੀ ਭੁਲੇਖੇ ਵਿਚ ਹੋ ਕਿ ਜਥੇਦਾਰ ਦੀ ਚੋਣ ਹੁੰਦੀ ਹੈ ।ਜਥੇਦਾਰ ਦੀ ਨਿਯੁਕਤੀ ਸ਼੍ਰੋਮਣੀ ਕਮੇਟੀ ਕਰਦੀ ਆ ਰਹੀ ਹੈ ,ਜਥੇਦਾਰ ਨੂੰ ਤਨਖਾਹ ਵੀ ਸ਼੍ਰੋਮਣੀ ਕਮੇਟੀ ਹੀ ਮੁਕੱਰਰ ਕਰਦੀ ਹੈ ਅਤੇ ਦਿੰਦੀ ਹੈ ।ਇਸੇ ਬਹਾਨੇ ਅਧੀਨਗੀ ਦੀ ਪ੍ਰਕਿਰਿਆ ਚਾਲੂ ਰਹਿੰਦੀ ਹੈ । ਸਿੱਖ ਬੜੇ ਮਾਣ ਨਾਲ ਹਮੇਸ਼ਾ ਗਲ ਕਰਦੇ ਹਨ ਕਿ " ਸ੍ਰੀ ਅਕਾਲ ਤਖ਼ਤ ਸਾਹਿਬ " ਸਰਵ ਉੱਚ ਅਦਾਲਤ ਹੈ ।ਪਰ ਇਸ ਅਦਾਲਤ ਨੂੰ ਕੀ ਅਤੇ ਕਿਹੜੀ ਪਰਖ ਲਈ ਵਰਤ ਰਹੇ ਹਾਂ ? ਕੀ ਉਪਰੋਕਤ ਫੈਸਲਾ ਕਿਸੇ ਦੁਖੀ ਸਿੱਖ ਪਰਵਾਰ ਨੂੰ ਇਨਸਾਫ਼ ਦਿਵਾ ਸਕਿਆ । ਜਿੰਨਾ ਦੀ ਕੁੱਖੋਂ ਪੈਦਾ ਹੋਏ ਸੈਂਕੜੇ , ਹਜ਼ਾਰਾਂ ਬੱਚੇ ਦੱਸੇ ਗਏ ਸਰਕਾਰੀ ਤਸ਼ੱਦਦ ਦੀ ਬਲੀ ਚਾੜੇ ਗਏ ਹਨ ।ਮੌਜੂਦਾ ਜ਼ਿਕਰ ਹੋਏ ਹੁਕਮਨਾਮੇ ਦੇ ਇਹਨਾ ਜਥੇਦਾਰਾਂ ਨੇ ਕਿਸੇ ਇਕ ਪਰਿਵਾਰ ਨੂੰ ਵੀ ਕੋਈ ਇਨਸਾਫ਼ ਨਾ ਦਿੱਤਾ ਨਾ ਹੀ ਕੋਈ ਜ਼ਿਕਰ ਕੀਤਾ ।ਅੱਜ ਹੀ 25 ਫ਼ਰਵਰੀ ਨੂੰ

## ਵਿਚਾਰ ਆਪੋ-ਆਪਣਾ

ਦਿੱਲੀ ਨਵੰਬਰ 1984 ਦੇ ਸਮੇ ਦੋ ਸਿੱਖਾਂ ਨੂੰ ਕਤਲ ਕਰਨ ਵਾਲੇ "ਸੱਜਣ ਕੁਮਾਰ" ਨੂੰ ਭਾਰਤ ਦੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ । ਸਾਡੇ ਭਾਈ ਉਹਨਾਂ ਜਥੇਦਾਰਾਂ ਨੂੰ ਗਲੇ ਲਾਈ ਫਿਰਦੇ ਹਨ , ਜੋ ਆਪਣਿਆਂ ਹੀ ਸਿਖਾਂ ਦੇ ਦੁੱਖ ਲਈ ਇਨਸਾਫ ਤਾਂ ਕੋਈ ਬਣਦਾ ਅੱਥਰੂ ਨਹੀਂ ਕੇਰ ਸਕੇ ।ਸਗੋਂ ਕਾਤਲਾਂ ਨੂੰ ਹੁਕਨਾਮਿਆਂ ਰਾਹੀਂ ਕਲੀਨ ਚਿਟ ਦੇਕੇ , ਕਤਲਾਂ ਤੋ ਬਰੀ ਕਰਦੇ ਹਨ ।ਕੱਲ ਤੱਕ ਅਰੂੜ ਸਿੰਘ ਜਥੇਦਾਰ ਦੇ ਹੀ ਨਾਮ ਦੀ ਚਰਚਾ ਸੀ । ਜਿਸ ਨੇ ਮਈ 1914 ਵਿੱਚ , ਕਲਕੱਤੇ , ਬਜਬਜ ਘਾਟ ਦੇ ਸਾਕੇ ਵਿਚ, ਅੰਗਰੇਜ਼ ਦੁਆਰਾ ਸ਼ਹੀਦ ਕੀਤੇ ਸਿੱਖਾਂ ਤੇ ਪੰਜਾਬੀਆਂ (ਗਦਰੀ ਬਾਬਿਆਂ ) ਵਿਰੁੱਧ ਹੁਕਨਾਮਾ ਜਾਰੀ ਕੀਤਾ ਸੀ । ਉਸ ਸਮੇਂ ਦੇ ਸਾਕੇ ਦੌਰਾਨ 26 ਮੌਤਾਂ , ਅੰਗਰੇਜ਼ ਦੀਆਂ ਗੋਲੀਆਂ ਨਾਲ ਹੋਈਆਂ ਸਨ । ਅਰੂੜ ਸਿੰਘ ਨੇ ਅੰਗਰੇਜ਼ ਸਾਮਰਾਜ ਦੀ ਪਿੱਠ ਪੂਰਦਿਆਂ ਹੁਕਮਨਾਮੇ ਵਿਚ ਲਿਖਿਆ ਸੀ ਕਿ " ਕਲਕੱਤੇ , ਬਜਬਜ ਘਾਟ ਵਿਖੇ ਅੰਗਰੇਜ਼ ਸਰਕਾਰ ਦੁਆਰਾ ਮਾਰੇ ਗਏ ਲੋਕ , ਨਾ ਹੀ ਸਿੱਖ ਸਨ ਅਤੇ ਨਾ ਹੀ ਪੰਜਾਬੀ ਸਨ" । ਭਾਈ ਅਮਰੀਕ ਸਿੰਘ ਜੀ ਦੱਸੋਗੇ ਕਿ , ਕੀ ਅਰੂੜ ਸਿੰਘ ਤੇ ਅੱਜ ਦੇ ਸਮੇਂ ਦੇ ਜਥੇਦਾਰਾਂ ਵਿਚ ਕੋਈ ਫ਼ਰਕ ਹੈ ? ਮੈਂ ਤੁਹਾਡੇ ਨਾਲ ਦੇ ਸਾਥੀਆਂ ਦੇ ਬਿਆਨਾਂ ਉੱਪਰ ਚਿੰਤਾ ਨਹੀਂ ਕਰਦਾ । ਪਰ ਤੁਹਾਡੀ ਪਹੁੰਚ ਨੂੰ ਸਹੀ ਨਹੀਂ ਮੰਨਦਾ , ਕਿਉਂਕਿ ਤੁਸੀਂ ਸਿੱਖ ਸੰਘਰਸ਼ ਤੇ ਸਿੱਖ ਦੁੱਖਾਂਤ ਬਾਰੇ ਉਹਨਾਂ ਨਾਲੋ ਜਿਆਦਾ ਹਮਦਰਦੀ ਰੱਖਣ ਵਾਲੇ ਹੋ ਸਕਦੇ ਹੋ ।ਅਜੋਕੇ ਇਹਨਾਂ ਦੋ ਜਥੇਦਾਰਾਂ ਦੀ ਜੋੜੀ ਨੇ ਮੀਰੀ ਪੀਰੀ ਦੇ ਤਖ਼ਤ ਦੇ ਇਨਸਾਫ਼ ਨੂੰ ਤਾਂ ਅੱਜ ਭਾਰਤੀ ਅਦਾਲਤ ਸਾਹਮਣੇ ਵੀ ਨੀਵਾਂ ਕੀਤਾ ਹੈ । ਜੇਕਰ ਤੁਸੀਂ ਅੱਜ ਵੀ ਸਿਖ ਦਖਾਂਤ ਅਤੇ ਸ਼ਹੀਦੀਆਂ ਲਈ ਦਰਦ ਰੱਖਦੇ ਹੋ ਤਾਂ ਇਹਨਾਂ ਜਥੇਦਾਰਾਂ ਦੀ ਪਿੱਠ ਨਾ ਪੂਰੋ । ਅਜਿਹਾ ਕਰਨਾ ਇਤਿਹਾਸਕ ਗਲਤੀ ਹੋਵੇਗੀ।

**ਪੇਸ਼ਕਸ਼ :**
**ਅਜੀਤ ਪਾਲ ਸਿੰਘ ਸਹੋਤਾ**
**ਜਨਰਲ ਸਕੱਤਰ , ਸਿੱਖ ਫੈਡਰੇਸ਼ਨ, ਯੂ ਕੇ**
**Email: psbal46@gmail.com**
**Tel: 44 07771608363**

1984 ਸਿੱਖ ਨਸਲਕੁਸ਼ੀ: ਸੱਜਣ ਕੁਮਾਰ ਦੀ ਉਮਰ ਕੈਦ

# ਨਿਆਂ ਦਾ ਅੱਧਾ ਰਾਹ, ਮੌਤ ਦੀ ਸਜ਼ਾ ਮਿਲੇ - ਸ਼ਮਸ਼ੇਰ ਸਿੰਘ ਪੱਧਰੀ



**ਨਵੀਂ ਦਿੱਲੀ, 26 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-** ਅਕਾਲੀ ਦਲ "ਵਾਰਿਸ ਪੰਜਾਬ ਦੇ" ਦੀ ਅੰਮ੍ਰਿਤਸਰ ਕਾਰਜਕਾਰਨੀ ਕਮੇਟੀ ਦੇ ਮੈਂਬਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ 1984 ਸਿੱਖ ਨਸਲਕੁਸ਼ੀ ਦੇ ਇੱਕ ਹੋਰ ਮਾਮਲੇ ਵਿੱਚ ਦਿੱਲੀ ਦੀ ਰਾਊਸ ਐਵੇਨਿਊ ਅਦਾਲਤ ਵਲੋਂ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ 'ਤੇ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਨਿਆਂ ਵਲ ਇਕ ਛੋਟਾ ਜਿਹਾ ਕਦਮ ਹੈ, ਪਰ 1984 ਦੇ ਨਿਰਦੋਸ਼ ਸਿੱਖਾਂ ਦੇ ਜਿੰਦਾ ਸਾੜੇ ਗਏ ਪਰਿਵਾਰਕ ਮੈਂਬਰਾਂ, ਮਾਤਾਵਾਂ, ਭੈਣ-ਭਰਾਵਾਂ ਅਤੇ ਪੁੱਤ-ਧੀਆਂ ਨੂੰ ਇਨਸਾਫ਼ ਉਦੋਂ ਮਿਲੇਗਾ, ਜਦੋਂ ਸੱਜਣ ਕੁਮਾਰ ਵਰਗੇ ਮਾਸਟਰਮਾਈਂਡ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਮਿਲੇਗੀ। ਉਨ੍ਹਾਂ ਦਿੱਲੀ ਸਰਕਾਰ ਅਤੇ ਕੇਂਦਰੀ ਏਜੰਸੀਆਂ ਨੂੰ ਕਿਹਾ ਕਿ ਉਮਰ ਕੈਦ ਦੀ ਬਜਾਏ ਮੌਤ ਦੀ ਸਜ਼ਾ ਲਈ ਉੱਚ ਅਦਾਲਤ ਵਿੱਚ ਅਪੀਲ ਕੀਤੀ ਜਾਣੀ ਚਾਹੀਦੀ ਹੈ। ਸਿੱਖ ਕਤਲੇਆਮ ਕੋਈ ਆਮ ਦੰਗਾ ਨਹੀਂ ਸੀ, ਇਹ ਯੋਜਨਾਬੱਧ ਨਸਲਕੁਸ਼ੀ ਸੀ, ਜਿਸ ਵਿੱਚ ਕਾਂਗਰਸ ਸਰਕਾਰ ਨੇ ਸਿੱਖਾਂ ਦੇ ਸਿਰ 'ਤੇ ਮੌਤ ਦਾ ਤਿਲਕ ਲਗਾ ਕੇ ਉਨ੍ਹਾਂ ਨੂੰ ਜਿਉਂਦੇ ਸਾੜਨ ਵਾਲੀਆਂ ਗੁੰਡਾ ਟੋਲੀਆਂ ਨੂੰ ਸ਼ਰਣ ਅਤੇ ਹਮਾਇਤ ਦਿੱਤੀ। ਸ਼ਮਸ਼ੇਰ ਸਿੰਘ ਪੱਧਰੀ ਨੇ ਦੱਸਿਆ ਕਿ ਸੱਜਣ ਕੁਮਾਰ ਪਹਿਲਾਂ ਹੀ 5 ਸਿੱਖਾਂ ਦੇ ਕਤਲ ਅਤੇ ਗੁਰਦੁਆਰਾ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਚ ਉਮਰ ਕੈਦ ਕੱਟ ਰਿਹਾ ਸੀ। ਹੁਣ ਜਸਵੰਤ ਸਿੰਘ ਅਤੇ ਤਰੁਣਦੀਪ ਸਿੰਘ ਨੂੰ ਜਿੰਦਾ ਸਾੜਨ ਦੇ ਮਾਮਲੇ 'ਚ ਵੀ ਉਹ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਹ ਸਿੱਖ ਨਸਲਕੁਸ਼ੀ ਦੀ ਸਾਜ਼ਿਸ਼ 'ਚ ਉਸਦੀ ਸਿੱਧੀ ਸ਼ਮੂਲੀਅਤ ਨੂੰ ਦਰਸਾਉਂਦਾ ਹੈ। 1984 ਤੋਂ ਅੱਜ ਤਕ ਸਿੱਖ ਕਤਲੇਆਮ ਦੇ ਅਸਲ ਦੋਸ਼ੀਆਂ ਨੂੰ ਬਚਾਉਣ ਲਈ ਕਾਂਗਰਸ ਨੇ ਹਰ ਸੰਭਵ ਕੋਸ਼ਿਸ਼ ਕੀਤੀ। ਜਗਦੀਸ਼ ਟਾਈਟਲਰ, ਕਮਲ ਨਾਥ, ਐਚ.ਕੇ.ਐਲ. ਭਗਤ, ਸੱਜਣ ਕੁਮਾਰ ਵਰਗੇ ਕਾਂਗਰਸੀ ਆਗੂ ਕਤਲੇਆਮ ਦੇ ਮੁਲਜ਼ਮ ਹੋਣ ਬਾਵਜੂਦ ਵੀ ਲੰਮਾ ਸਮਾਂ ਸਰਕਾਰੀ ਪਦਵੀਆਂ ਤੇ ਸੱਤਾ ਸੁੱਖ ਭੋਗਦੇ ਰਹੇ। ਉਨ੍ਹਾਂ ਦਿੱਲੀ ਪੁਲਿਸ ਅਤੇ ਕੇਜਰੀਵਾਲ ਸਰਕਾਰ ਨੂੰ ਵੀ ਘੇਰਦੇ ਹੋਏ ਕਿਹਾ ਕਿ 1984 ਦੇ ਕਈ ਕੇਸ, ਜਿਸ ਵਿੱਚ ਸਿੱਖ ਹਤਿਆਰੇ ਬਰੀ ਹੋਏ, ਉਨ੍ਹਾਂ ਨੂੰ ਹਾਈਕੋਰਟ ਜਾਂ ਸੁਪਰੀਮ ਕੋਰਟ 'ਚ ਚੁਣੌਤੀ ਨਹੀਂ ਦਿੱਤੀ ਗਈ। ਸਿਰਫ਼ ਰਸਮੀ ਪਟੀਸ਼ਨ ਦਾਖ਼ਲ ਹੋਈ, ਪਰ ਕੇਸ ਗੰਭੀਰਤਾ ਨਾਲ ਨਹੀਂ ਲੜੇ ਗਏ। ਇਹ ਸਿੱਖ ਹਤਿਆਕਾਂਡ ਦੇ ਪੀੜਤਾਂ ਨਾਲ ਨਿਆਂ ਦਾ ਖਿਲਵਾੜ ਹੈ, ਜਿਸ ਨੂੰ ਅਸੀਂ ਕਦੀ ਵੀ ਸਵੀਕਾਰ ਨਹੀਂ ਕਰਾਂਗੇ। ਸ਼ਮਸ਼ੇਰ ਸਿੰਘ ਪੱਧਰੀ ਨੇ ਕਿਹਾ ਕਿ 1984 'ਚ ਹੋਏ ਕਤਲੇਆਮ ਨੂੰ ਭੁਲਾਇਆ ਨਹੀਂ ਜਾ ਸਕਦਾ। ਨਵੰਬਰ 1984 'ਚ ਦਿੱਲੀ ਅਤੇ ਹੋਰ 18 ਸੂਬਿਆਂ 'ਚ 7000 ਤੋਂ ਵੱਧ ਨਿਰਦੋਸ਼ ਸਿੱਖ ਮਾਰੇ ਗਏ, ਜਿਨ੍ਹਾਂ ਨੂੰ ਘਰਾਂ 'ਚੋਂ ਖਿੱਚ-ਖਿੱਚ ਕੇ ਜਿਉਂਦੇ ਹੀ ਅੱਗ ਲਗਾਈ ਗਈ। ਉਨ੍ਹਾਂ ਨੇ ਕਿਹਾ ਕਿ "ਅਸੀਂ 40 ਸਾਲਾਂ ਤੋਂ ਇਨਸਾਫ਼ ਦੀ ਲੜਾਈ ਲੜ ਰਹੇ ਹਾਂ, ਪਰ ਅਸੀਂ ਨਾਂ ਤਾਂ ਥੱਕੇ ਹਾਂ, ਨਾ ਹੀ ਝੁਕੇ ਹਾਂ।" ਅਤੇ ਨਾਂ ਹੀ ਝੁਕਾਂਗੇ। ਉਹਨਾਂ ਕਿਹਾ ਕਿ ਦਿੱਲੀ ਸਰਕਾਰ ਸੱਜਣ ਕੁਮਾਰ ਨੂੰ ਮੌਤ ਦੀ ਸਜ਼ਾ ਦਿਵਾਉਣ ਲਈ ਤੁਰੰਤ ਹਾਈਕੋਰਟ 'ਚ ਅਪੀਲ ਕਰੇ। 1984 ਦੇ ਹੋਰ ਕੇਸਾਂ 'ਚ ਦੋਸ਼ੀਆਂ ਵਿਰੁੱਧ ਪੂਰਾ ਨਿਆਂ ਹੋਣ ਤਕ ਸਿੱਖਾਂ ਦੀ ਲੜਾਈ ਜਾਰੀ ਰਹੇਗੀ। ਉਹਨਾਂ ਇਹ ਵੀ ਕਿਹਾ ਕਿ 1984 ਦੇ ਕਤਲੇਆਮ ਨੂੰ "ਨਸਲਕੁਸ਼ੀ" ਵਜੋਂ ਮੰਨਿਆ ਜਾਵੇ ਅਤੇ ਅਜਿਹੇ ਦੋਸ਼ੀਆਂ ਦੇ ਹੱਕ 'ਚ ਖੜ੍ਹੀ ਹੋਈਆਂ ਪਾਰਟੀਆਂ ਨੂੰ ਜਵਾਬਦੇਹ ਬਣਾਇਆ ਜਾਵੇ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਗਾਵੈ ਗੁਣ ਮਹਾਦੇਉ ਬੈਰਾਗੀ ਜਿਨਿ ਧਿਆਨ ਨਿਰੰਤਰਿ ਜਾਣਿਓ ॥

**ਸਵਈਏ ਮਹਲੇ ਪਹਿਲੇ ਕੇ ਅੰਗ 1390 ?**

ਬਿਸਨੁਪਦ ਛੰਦ ਸਾਰੰਗ ॥
ਮੁੰਡ ਮਾਲ ਬਿਸਾਲ ਹਾਰਨ ਸੀਸ ਗੰਗਾ ਰਾਜਹੀ ॥
ਭਾਲ ਚੰਦ੍ਰ ਤ੍ਰਿਨੇਤ੍ਰ ਸੰਕਰ ਜਟਾ ਜੂਟ ਬਿਰਾਜ ਹੀ ॥
ਸੂਲ ਚਕ੍ਰ ਤ੍ਰਿਸੂਲ ਡਵਰੂ ਬਜਤ ਡਿਮ ਡਿਮ ਛਾਜਹੀ ॥
ਦ੍ਰਿਪ ਚਰਮ ਕਛਨੀ ਕਛੇ ਸੋਹਿਤ ਨਿਰਖ ਸੁਰ ਮੁਨਿ ਲਾਜ ਹੀ ॥558॥1312॥
(ਸਰਬਲੋਹ ਗ੍ਰੰਥ)



ਭਗਵਾਨ ਸ਼ਿਵ ਦੇ ਗਲ ਵਿਚ ਸਿਰਾ ਦੀ ਵੱਡੀ ਮਾਲਾ ਹਾਰ ਵਾਂਗ ਪਹਿਨੀ ਹੈ ਤੇ ਸੀਸ ਤੇ ਗੰਗਾ ਜੀ ਪ੍ਰਕਾਸ਼ ਹੋ ਰਹੀ ਹੈ,ਮੱਥੇ ਤੇ ਚੰਦ ਸਜਾਈ ਤਿੰਨ ਅੱਖਾ ਵਾਲਾ ਤੇ ਕਲਿਆਣ ਕਰਨਹਾਰ ਭਗਵਾਨ ਸ਼ਿਵ ਜਟਾਵਾ ਦੇ ਜੂੜੇ ਸਹਿਤ ਸੋਭ ਰਿਹਾ ਹੈ। ਨੇਜ਼ਾ,ਚੱਕ੍ਰ ਤੇ ਤ੍ਰਿਸ਼ੂਲ ਸਹਿਤ ਡਿਮ ਡਿਮ ਵਜਦਾ ਹੋਇਆ ਡਮਰੂ ਬਹੁਤ ਸੱਜ ਰਿਹਾ ਹੈ॥

ਹਾਥੀ ਦੀ ਖੱਲ ਦੀ ਕਛਨੀ ਸਜਾਏ ਹੋਏ ਸੋਹਣੇ ਲਗਦੇ ਭਗਵਾਨ ਸ਼ਿਵ ਨੂੰ ਦੇਖਕੇ ਦੇਵਤੇ ਤੇ ਰਿਖੀ ਮੁਨੀ ਲੱਜਿਤ ਹੋ ਰਹੇ ਹਨ ।

ਭਗਤ ਪੂਰਨ ਸਿੰਘ ਜੀ ਆਪਣੀ ਜੀਵਨੀ #ਕਹਾਣੀਆਂ ਵਿਚ ਲਿਖਦੇ ਹਨ ਕਿ "ਮੇਰੀ ਮਾਂ ਕਹਿੰਦੀ ਸੀ ਪੁੱਤ ਭਗਵਾਨ ਸ਼ਿਵ ਰਾਤ ਨੂੰ ਉਦੋਂ ਸੌਂਦੇ ਹਨ,ਜਦੋਂ ਸਾਰੇ ਰੋਟੀ ਖਾ ਲੈਂਦੇ ਹਨ ,ਭਗਤ ਜੀ ਕਹਿੰਦੇ ਇਸ ਸਿਖਿਆ ਦਾ ਮੇਰੇ ਜੀਵਨ ਤੇ ਪੂਰੀ ਉਮਰ ਪ੍ਰਭਾਵ ਰਿਹਾ ਤੇ ਮੈਂ ਪਿੰਗਲਵਾੜੇ ਦੇ ਸਾਰੇ ਰੋਗੀਆਂ ਅਪਾਹਿਜਾਂ ,ਲਾਵਰਿਸਾਂ ਦੇ ਪ੍ਰਸ਼ਾਦੇ ਪਾਣੀ ਦਾ ਦੇਰ ਰਾਤ ਤੱਕ ਧਿਆਨ ਰੱਖਦਾ ਰਿਹਾ ਹਾਂ,ਤਰਕਵਾਦ ਦੇ ਆਧਾਰ ਤੇ ਮਾਤਾ ਜੀ ਦੀ ਗੱਲ ਸੱਚ ਹੈ ਝੂਠ ਹੈ ਮੈਨੂੰ ਉਸ ਨਾਲ ਕੋਈ ਮਤਲਬ ਨਹੀ।

ਪ੍ਰਾਣੀ ਮਾਤਰ ਲਈ ਧਰਮ ਦੀਆਂ ਸਿਖਿਆਵਾਂ ਦਾ ਮੰਤਵ ਤਾਂ ਏਹੀ ਹੁੰਦਾ ਹੈ,ਕਿਉਂਕਿ ਸਾਰੇ ਧਰਮਾਂ ਦਾ ਮੂਲ ਅਕਾਲਪੁਰਖ ਵਾਹਿਗੁਰੂ ਆਪ ਹੈ ਅਤੇ ਸਭ ਧਰਮਾਂ ਦੇ ਗੁਰੂ, ਪੀਰ, ਪੈਗੰਬਰ ਉਸਦੇ ਹੀ ਭੇਜੇ ਹਨ,ਪੈਗੰਬਰ ਸ਼ਬਦ ਦੇ ਅਰਥ ਹੀ ਪੈਗਾਮ ਲੈ ਕੇ ਆਉਣ ਵਾਲਾ ਹੈ।

ਧਰਮ ਦੀ ਦੁਨੀਆਂ ਵਿਚ ਜਿਆਦਾਤਰ ਲੋਕਾਈ ਉਪਰੋਂ ਉਪਰੋਂ ਜੁੜੀ ਹੋਣ ਕਰਕੇ ਉਲਝੀ ਰਹਿੰਦੀ ਹੈ,ਪਰ ਧੁਰੋਂ ਬਖਸ਼ੀਆਂ ਰੂਹਾਂ ਇਹਨਾਂ ਤਕਰਾਰਾਂ ਤੋਂ ਉਪਰ ਵਿਚਰਦੀਆਂ ਹਨ।

ਦੋ ਦਹਾਕੇ ਪਹਿਲਾਂ ਸਾਡੇ ਗਿਆਨੀ ਸਿੰਘ ਕਥਾਵਾਚਕ ਕਥਾ ਦੌਰਾਨ ਆਮ ਹੀ ਬਚਨ ਕਰਦੇ ਸਨ ,ਸਨਾਤਨੀ ਮਹਾਂਪੁਰਸ਼ ਸ਼ਿਵ ਜੀ ਬਾਰੇ ਜੋ ਮੈਂ ਕਲਮਬੰਦ ਕੀਤੂ ਸਨ ।

"ਸਰੀਰ ਤੇ ਮਲੀ ਰਾਖ ਦੱਸਦੀ ਹੈ ਕਿ ਇਸ ਤਨ ਨੂੰ ਭਸਮ ਦੀ ਢੇਰੀ ਜਾਣ,ਸਦਾ ਥਿਰ ਰਹਿਣ ਵਾਲੀ ਚੀਜ਼ ਨਹੀਂ ਹੈ ਇਹ ।

ਗਲ੍ਹ ਵਿਚ ਪਿਆ ਨਾਗ ਦੱਸਦਾ ਹੈ ਕਿ ਮੌਤ ਹਮੇਸ਼ਾਂ ਤੇਰੇ ਨਾਲ ਐ,ਕੋਈ ਪਤਾ ਨਹੀਂ ਕਾਲ ਨੇ ਕਿੱਦਣ ਡੰਗ ਦੇਣਾ,ਜਿਹੜੇ ਬੰਦੇ ਨੂੰ ਮੌਤ ਯਾਦ ਐ,ਉਹ ਕਦੇ ਗੈਰ ਇਖਲਾਕੀ ਕੰਮ ਨਹੀਂ ਕਰਦਾ÷

ਦੂਜੇ ਪਾਸੇ ਇਹ ਤਸਵੀਰ ਵੇਖ ਜਿਸਦੇ ਧਰਮ ਨੂੰ ਖਤਰਾ ਪੈਦਾ ਹੁੰਦਾ ਸਮਝ ਲਵੋ ਧਰਮ ਦੀਆਂ ਸਿਖਿਆਵਾਂ ਦਾ ਪ੍ਰਭਾਵ ਉਸਦੇ ਨੇੜੇ ਤੇੜੇ ਵੀ ਨਹੀ ਹੈ।

ਆਮ ਤੌਰ ਤੇ ਜਿਆਦਾਤਰ ਨਾਸਤਿਕ ਲੋਕ ਧਾਰਮਿਕ ਲੋਕਾਂ ਨੂੰ ਕੱਟੜਪੰਥੀ ਲਿਖਦੇ ਅਤੇ ਪ੍ਰਚਾਰਦੇ ਹਨ ,ਪਰ ਸੋਸ਼ਲ ਮੀਡੀਆ ਤੇ ਧਰਮ ਬਾਰੇ ਗਿਆਨ ਵੰਡ ਰਹੇ ਜਿਆਦਾਤਰ ਅਰਧ-ਨਾਸਤਿਕ ਜਿੰਨੀ ਕੱਟੜਤਾ ਫੈਲਾ ਰਹੇ ਹਨ,ਉਥੋਂ ਸਪੱਸ਼ਟ ਹੈ ਕਿ ਕੱਟੜਤਾ ਕਿਸੇ ਧਰਮ ਦੀ ਮੁਥਾਜ ਨਹੀ ਹੁੰਦੀ ।

ਅਧਿਆਤਮਕ ਜਗਤ ਅੰਦਰ ਧਰਮ ਰਖਿਅਕ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ (ਚੰਡੀ ਦੀ ਵਾਰ) ਅੰਦਰ ਫੁਰਮਾਨ ਕਰਦੇ ਹਨ ।



ਸ਼ਮਸ਼ੇਰ ਸਿੰਘ ਜੇਠੂਵਾਲ

ਪਉੜੀ ॥
ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥
ਸਿੰਧ ਪਰਬਤ ਮੇਦਨੀ ਬਿਨੁ ਥੰਮਾ ਗਗਨ ਰਹਾਇਆ ॥
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥
ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ ॥
ਤੈਥੋ ਹੀ ਬਲੁ ਰਾਮੁ ਲੈ ਨਾਲ ਬਾਣਾ ਦਹਸਿਰੁ ਘਾਇਆ੍
ਤੈਥੋ ਹੀ ਬਲੁ ਕ੍ਰਿਸ਼ਨ ਲੈ ਕੰਸੁ ਕੇਸੀ ਪਕੜਿ ਗਿਰਾਇਆ੍
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ੍
ਕਿਨੀ ਤੇਰਾ ਅੰਤੁ ਨ ਪਾਇਆ੍2

**************************************************************

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥ ਦੇ ਉੱਘ ਢਾਡੀ ਗਿਆਨੀ ਕੁਲਜੀਤ ਸਿੰਘ ਦਿਲਬਰ ਦੇ ਅਕਾਲ ਚਲਾਣਾ ਉੱਤੇ ਗਹਿਰੇ ਅ.ਫਸੋਸ ਦਾ ਪ੍ਰਗਟਾਵਾ



**ਅੰਮ੍ਰਿਤਸਰ, 26 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਥ ਦੇ ਉੱਘ ਢਾਡੀ ਗਿਆਨੀ ਕੁਲਜੀਤ ਸਿੰਘ ਦਿਲਬਰ ਦੇ ਅਕਾਲ ਚਲਾਣਾ ਉੱਤੇ ਗਹਿਰੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਤੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਗਿਆਨੀ ਕੁਲਜੀਤ ਸਿੰਘ ਦਿਲਬਰ ਦੇ ਚਲਾਣੇ ਨੂੰ ਦੁੱਖਦਾਈ ਕਰਾਰ ਦਿੰਦਿਆਂ ਕਿਹਾ ਕਿ ਦੋ ਪੀੜ੍ਹੀਆਂ ਤੋਂ ਲਗਾਤਾਰ ਢਾਡੀ ਕਲਾ ਰਾਹੀਂ ਸਿੱਖੀ ਪ੍ਰਚਾਰ ਕਰ ਰਹੇ ਇਸ ਪਰਿਵਾਰ ਦੇ ਯੋਗਦਾਨ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਗਿਆਨੀ ਦਇਆ ਸਿੰਘ ਦਿਲਬਰ ਤੋਂ ਬਾਅਦ ਗਿਆਨੀ ਕੁਲਜੀਤ ਸਿੰਘ ਦਿਲਬਰ ਨੇ ਵੀ ਦੇਸ਼ ਵਿਦੇਸ਼ ਅੰਦਰ ਕੌਮ ਦੀ ਚੜ੍ਹਦੀ ਕਲਾ ਵਾਸਤੇ ਵੱਡਾ ਯੋਗਦਾਨ ਪਾਇਆ। ਉਨ੍ਹਾਂ ਗਿਆਨੀ ਕੁਲਜੀਤ ਸਿੰਘ ਦਿਲਬਰ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

### ਪਰਉਪਕਾਰ ਤੇ ਸਾਹਿਤ ਦਾ ਸੁਮੇਲ

# ‘ਸਮਾਜ ਸੇਵੀ ਲੇਖਿਕਾ ਅੰਦਲੀਬ ਰਾਠੌਰ’






**ਕਹਿੰਦੇ ਨੇ** ਕਈ ਵਾਰੀ ਹੜ੍ਹਾਂ ਦੀ ਰੋੜ੍ਹ ਤੇ ਹਨੇਰੀਆਂ-ਝੱਖੜਾਂ ਦਾ ਵੇਗ ਤੈਅ ਕਰਦੈ ਕਿੱਥੋਂ ਦੀ ਮਿੱਟੀ ਨੂੰ ਕਿੱਥੇ ਜਾ ਸੁੱਟਣਾ ਹੈ ,ਏਦਾਂ ਹੀ ਸਮੇਂ ਦੇ ਗੇੜ ਤੇ ਬਖਤ ਦੇ ਚੱਕਰ ਚ ਪਏ ਬੰਦੇ ਦੇ ਹਾਲਾਤ ਉਸ ਨੂੰ ਕਿਤੇ ਦੀ ਕਿਤੇ ਲੈ ਜਾਂਦੇ ਨੇ । ਦੱਸਦੇ ਹਨ ਕਿ ਜੋਧਪੁਰ ,ਰਾਜਸਥਾਨ ਦੇ ਮਹਾਰਾਜਾ ਜਸਵੰਤ ਸਿੰਘ ਰਾਠੌਰ ਦੇ ਪੋਤਰੇ ਮਾਨ ਸਿੰਘ ਦੇ ਛੋਟੇ ਪੁੱਤਰ ਸੁਰਜਨ ਸਿੰਘ ਰਾਠੌਰ ਨੇ ਸੂਫ਼ੀਵਾਦ ਤੋਂ ਪ੍ਰਭਾਵਿਤ ਹੋ ਕੇ ਦੀਨ ਕਬੂਲ ਕਰ ਲਿਆ ਤੇ ਉਹ ਇਸਲਾਮ ਦਾ ਪੈਰੋਕਾਰ ਹੋ ਗਿਆ ਸੀ। ਉਸਦਾ ਨਾਮ ਬਦਲ ਕੇ ਸਿਰਾਜਦੀਨ ਖਾਨ ਰਾਠੌਰ ਪੈ ਗਿਆ ਤੇ ਉਹ ਜੋਧਪੁਰ ਛੱਡ ਕੇ ਲਾਹੌਰ ਹੁੰਦਾ ਹੋਇਆ ਕਸ਼ਮੀਰ ਦੇ ਪੁੰਛ ਇਲਾਕੇ ਵਿਚ ਚਲਾ ਗਿਆ ਸੀ। ਇੱਥੋਂ ਅੱਗੇ ਉਹ ਕੂਹੂਟਾ ਦੇ ਇਕ ਚੌਧਰੀ ਦੀ ਲੜਕੀ ਨਾਲ ਨਿਕਾਹ ਕਰਾ ਕੇ ਉੱਥੇ ਹੀ ਰਹਿਣ ਲੱਗ ਪਿਆ ਤੇ ਬਾਅਦ ’ਚ ਆਪਣੇ ਸਹੁਰੇ ਦੀ ਮੌਤ ਉਪਰੰਤ ਚੌਧਰੀ ਦੀ ਪਦਵੀ ਪ੍ਰਾਪਤ ਕਰਨ ਚ ਕਾਮਯਾਬ ਹੋ ਗਿਆ । ਤਰੱਕੀ ਕਰਦਾ ਕਰਦਾ ਉਹ ਪੁੰਛ ਇਲਾਕੇ ਦਾ ਸ਼ਾਸਕ ਬਣ ਗਿਆ ।ਅੱਗੋਂ 1819 ਤੱਕ ਇਹੀ ਖਾਨਦਾਨ ਪੁੰਛ ਦੇ ਇਲਾਕੇ ’ਤੇ ਸ਼ਾਸਨ ਕਰਦਾ ਰਿਹਾ ।ਅੰਦਲੀਬ ਰਾਠੌਰ ਦਾ ਜਨਮ ਏਸੇ ਸ਼ਾਹੀ ਖਾਨਦਾਨ ਵਿਚ ਵਾਲਿਦ ਰਾਜਾ ਅਲੀ ਅਸਗਰ ਰਾਠੌਰ ਦੇ ਘਰ ਵਾਲਿਦਾ ਮੁਸੱਰਤ ਅਮੀਨ ਰਾਠੌਰ ਦੀ ਕੁੱਖੋਂ 15 ਅਕਤੂਬਰ 1987 ਨੂੰ ਸਰਹੱਦ ਪਾਰ ਕਸ਼ਮੀਰ ਦੇ ਜ਼ਿਲ੍ਹਾ ਹਵੇਲੀ ਕੂਹੂਟਾ ਵਿਖੇ ਹੋਇਆ ।ਮੀਨੇ ਰਾਜਪੂਤ ਰਾਠੌਰਾਂ ਦੇ ਸ਼ਾਹੀ ਖਾਨਦਾਨ ’ਚ ਪੈਦਾ ਹੋਈ ਅੰਦਲੀਬ ਰਾਠੌਰ ਇਕ ਬਹੁਪੱਖੀ ਵਿਲੱਖਣ ਸ਼ਖਸੀਅਤ ਹੈ ।ਉਸਦੀ ਸ਼ਖਸੀਅਤ ਦੇ ਵੱਖੋ-ਵੱਖ ਪਹਿਲੂਆਂ ਦੀ ਗੱਲ ਕਰੀਏ ਤਾਂ ਉਹ ਇੱਕ ਸਮਾਜ ਸੇਵਿਕਾ ,ਨਾਵਲਿਸਟ, ਅਫ਼ਸਾਨਾ-ਨਿਗਾਰ,ਨਾਟਕ-ਰਚੇਤਾ ਅਤੇ ਬਹੁਭਾਸ਼ਾਈ ਸ਼ਾਇਰਾ ਹੈ ਮੂਲ ਰੂਪ ਵਿੱਚ ਉਹ ਉਰਦੂ ਦੀ ਲੇਖਿਕਾ ਹੈ ਪਰ ਉਹ ਪੰਜਾਬੀ,ਮਾਰਵਾੜੀ ,ਗੁਜਰਾਤੀ,ਗੋਜਰੀ,ਡੋਗਰੀ,ਉਰਦੂ,ਪਸ਼ਤੋ,ਮੀਰਪੁਰੀ,ਹਿੰਦਕੋ,ਫਾਰਸੀ,ਅੰਗ੍ਰੇਜ਼ੀ,ਜਰਮਨੀ ਆਦਿ ਹੋਰ ਅਨੇਕਾਂ ਭਾਸ਼ਾਵਾਂ ਦੀ ਗਿਆਤਾ ਹੈ। ਅੰਦਲੀਬ ਦੇ ਪੁਰਖੇ ਮੂਲ ਰੂਪ ਰਾਜਸਥਾਨ ਦੇ ਜੋਧਪੁਰ ਰਾਜ ਘਰਾਣੇ ਨਾਲ ਸੰਬੰਧਤ ਹੋਣ ਕਾਰਨ ਅੰਦਲੀਬ ਨੂੰ ਜਿੱਥੇ ਮਾਣ ਹੈ ਉੱਥੇ ਉਸ ਦੇ ਮਨ ਵਿਚ ਇਕ ਲਗਾਅ ਤੇ ਤਰਸੇਵਾਂ ਵੀ ਹੈ ਪੁਰਖਿਆਂ ਦੀ ਧਰਤੀ ’ਜੋਧਪੁਰ’ ਲਈ। ਇਕ ਵਾਰ ਅਮਰੀਕਾ ਦੇ ਇਕ ਉਰਦੂ ਅਖਬਾਰ ’ਚ ਅੰਦਲੀਬ ਬਾਰੇ ਰਿਪੋਰਟ ਸ਼ਾਇਆ ਹੋਈ , ਜਿਸ ਵਿਚ ਉਸ ਦੀਆਂ ਚਾਰ ਤਸਵੀਰਾਂ ਵੀ ਸਨ ।ਸ਼ੋਸ਼ਲ ਮੀਡੀਆ ਤੇ ਇਹ ਰਿਪੋਰਟ ਆਉਣ ਤੇ ਕਿਸੇ ਪਾਠਕ ਨੇ ਟਿੱਪਣੀ ਕਰਕੇ ਕਿਹਾ ਕਿ ਇਹ ਤਾਂ ਬਰਤਾਨੀਆ ਦੀ ਸ਼ਿਹਜ਼ਾਦੀ ਲੱਗਦੀ ਹੈ ।ਇਸ ਟਿੱਪਣੀ ਦੇ ਜੁਆਬ ਵਿਚ ਅੰਦਲੀਬ ਨੇ ਬੜੇ ਮਾਣ ਨਾਲ ਕਿਹਾ ਸੀ ਕਿ ਬਰਤਾਨੀਆ ਦੀ ਨਹੀਂ ਮੈਂ ਕਸ਼ਮੀਰ ਦੀ ਸ਼ਿਹਜ਼ਾਦੀ ਹਾਂ ।ਇਹ ਸੀ ਅੰਦਲੀਬ ਦੇ ਸਵੈਮਾਣ ਦੀ ਗੱਲ ।ਜ਼ਿਕਰਯੋਗ ਹੈ ਕਿ ਅੰਦਲੀਬ ਦੇ ਅੱਬਾ ਪਾਕਿਸਤਾਨ ਸਿਵਲ ਸਰਵਿਸ ਦੇ ਉੱਚ ਅਧਿਕਾਰੀ ਵਜੋਂ ਸੇਵਾਮੁਕਤ ਹੋਏ ਹਨ।

ਅੰਦਲੀਬ ਦੱਸਦੀ ਹੈ ਕਿ ਜਦ ਉਹ ਅਜੇ ਛੋਟੀ ਸੀ ਉਹਨਾਂ ਦੇ ਘਰ ਜਿੰਨੇ ਵੀ ਕਾਮੇ ਸਨ ਲਗਭਗ ਸਾਰੇ ਗੁੱਜਰ ਸਨ ,ਅੰਦਲੀਬ ਦੇ ਗੋਜਰੀ ਜ਼ੁਬਾਨ ਸਿੱਖਣ ਦਾ ਵੱਡਾ ਕਾਰਨ ਵੀ ਇਹਨਾਂ ਗੁੱਜਰ ਕਾਮਿਆਂ ਦਾ ਪਰਿਵਾਰ ਨਾਲ ਘੁਲਮਿਲ ਕੇ ਰਹਿਣਾ ਹੀ ਬਣਿਆ ।ਉਹ ਦੱਸਦੀ ਹੈ ਕਿ ਬਚਪਨ ਤੋਂ ਹੀ ਉਸ ਨੂੰ ਗਰੀਬ ਕਾਮਿਆਂ ਨਾਲ ਨੇੜਤਾ ਕਰਨੀ ਚੰਗੀ ਲੱਗਦੀ ਸੀ। ਅੱਗੇ ਉਹ ਦੱਸਦੀ ਹੈ ਬਚਪਨ ਵਿਚ ਜਦ ਉਹ ਖਾਨਾਬਦੋਸ਼ ਬੱਕਰਵਾਲਾਂ ਦੇ ਡੇਰੇ ਜੋ ਕਿ ਕਦੇ ਕਦਾਈਂ ਉਹਨਾਂ ਦੀ ਰਿਹਾਇਸ਼ ਦੇ ਨੇੜੇ ਲੱਗੇ ਹੁੰਦੇ ਸਨ, ਨੂੰ ਦੇਖਦੀ ਤਾਂ ਉਹ ਹੈਰਾਨ ਹੋ ਕੇ ਸੋਚਦੀ ਰਹਿੰਦੀ ਇਹ ਲੋਕ ਕਿੱਥੋਂ ਆਉਂਦੇ ਹਨ ਕਿੱਥੇ ਜਾਂਦੇ ਹਨ ਇਹਨਾਂ ਦੇ ਅਸਲ ਟਿਕਾਣੇ ਕਿੱਥੇ ਹਨ। ਮੀਂਹ-ਹਨੇਰੀ ਚ ਕਿਵੇਂ ਗੁਜ਼ਾਰਾ ਕਰਦੇ ਹਨ ।ਉਸਦੀ ਇਹੀ ਜਗਿਆਸਾ ਅੱਗੇ ਜਾ ਕੇ ਉਸਦਾ ਮਿਸ਼ਨ ਬਣ ਗਈ ।ਉਸਨੂੰ ਬੱਕਰਵਾਲ ਖਾਨਾਬਦੋਸ਼ਾਂ ਨਾਲ ਗੂੜ੍ਹਾ ਸਨੇਹ ਹੋ ਗਿਆ। ਉਸਨੇ ਬੇਸ਼ੱਕ ਐਮ ਬੀ ਏ ਤੱਕ ਦੀ ਪੜ੍ਹਾਈ ਲਾਹੌਰ ਵਰਗੇ ਬੇਹੱਦ ਸਭਿਆਕ ਸ਼ਹਿਰ ’ਚ ਰਹਿ ਕੇ ਕੀਤੀ ਪਰ ਖਾਨਾਬਦੋਸ਼ ਬੱਕਰਵਾਲਾਂ ਲਈ ਉਸਦੀ ਉਤਸੁਕਤਾ ਬਣੀ ਰਹੀ। ਹੁਣ ਉਸਨੇ ਬੱਕਰਵਾਲਾਂ ਦੀ ਪੈੜ ਨੱਪਣੀ ਸ਼ੁਰੂ ਕਰ ਦਿੱਤੀ ਸੀ। ਸ਼ਾਹੀ ਪਰਿਵਾਰ ਨੂੰ ਬੇਸ਼ੱਕ ਇਹ ਪਸੰਦ ਨਹੀਂ ਸੀ ਪਰ ਅੰਦਲੀਬ ਨੇ ਆਪਣਾ ਰਾਹ ਚੁਣ ਲਿਆ ਸੀ ਉਸ ਨੇ ਬੱਕਰਵਾਲਾਂ ’ਚ ਵੱਧ ਤੋਂ ਵੱਧ ਸਮਾਂ ਬਿਤਾਉਣਾ ਸ਼ੁਰੂ ਕਰ ਦਿੱਤਾ ਖੁਦ ਵੀ ਖਾਨਾਬਦੋਸ਼ ਬਣ ਕੇ ਉਹਨਾਂ ਵਿਚ ਰਚਮਿਚ ਗਈ ।ਬੇਸ਼ੱਕ ਇਸ ਲਈ ਉਸ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਹਿਲੀ ਦਿੱਕਤ ਤਾਂ ਉਸਦਾ ਇਕ ਰਾਜਪੂਤ ਔਰਤ ਹੋਣਾ ਹੀ ਸੀ ।ਉਹ ਦੱਸਦੀ ਹੈ ਕਿ ਉਸ ਦੇ ਪਰਿਵਾਰ ਵਿਚ ਇਸ ਤੋਂ ਪਹਿਲਾਂ ਕੋਈ ਵੀ ਮੈਂਬਰ ਲੇਖਕ ਜਾਂ ਕਵੀ ਨਹੀਂ ਸੀ ,ਇਹ ਸਾਰਾ ਕੁੱਝ ਉਸ ਨੂੰ ਲੀਹਾ ਭੰਨ ਕੇ ਕਰਨਾ ਪਿਆ। ਅਗਲੀ ਵੱਡੀ ਮੁਸ਼ਕਲ ਇਹ ਸੀ ਕਿ ਬੱਕਰਵਾਲ ਕਿਸੇ ਨੂੰ ਆਪਣੇ ਖੇਮੇ ਚ ਰਲਾਉਂਦੇ ਹੀ ਨਹੀਂ ਸਨ ।ਉਹ ਬੜੇ ਖ਼ੁਦਦਾਰ ਤੇ ਅਣਖੀ ਹੁੰਦੇ ਹਨ ,ਕਿਸੇ ਤੋਂ ਭੀਖ ਮੰਗਣਾ ਜਾਂ ਰਹਿਮ ਦੀ ਆਸ ਕਰਨਾ ਉਹਨਾਂ ਦੇ ਸਭਿਆਚਾਰ ਵਿਚ ਹੁੰਦਾ ਹੀ ਨਹੀਂ । ਇਸ ਲਈ ਉਹ ਕਿਸੇ ਤੋਂ ਕੁਝ ਵੀ ਮੁਫਤ ’ਚ ਪ੍ਰਾਪਤ ਕਰਨ ਦੇ ਹੱਕ ’ਚ ਨਹੀਂ ਹੁੰਦੇ। ਅੰਦਲੀਬ ਦੱਸਦੀ ਹੈ ਕਿ ਗੋਜਰੀ ਬੋਲਣ ਕਾਰਣ ਉਹ ਜਲਦ ਹੀ ਬੱਕਰਵਾਲਾਂ ਦੇ ਨੇੜੇ ਹੋ ਗਈ ਤੇ ਇੰਜ ਉਸ ਨੂੰ ਬੱਕਰਵਾਲਾਂ ਨਾਲ ਵਿਚਰਣ ਦੀ ਸਹਿਮਤੀ ਮਿਲ ਗਈ ।ਇਸ ਦੌਰਾਨ ਉਸ ਨੇ ਆਪਣੀ ਐਸ਼ੋ-ਆਰਾਮ ਦੀ ਜ਼ਿੰਦਗੀ ਛੱਡ ਕੇ ਕਿੰਨੀਆ ਧੁੱਪਾਂ-ਛਾਵਾਂ ,ਝੱਖੜ-ਝੋਲੇ ਤੇ ਬਰਫੀਲੀਆਂ ਰਾਤਾਂ ਆਪਣੇ ਤਨ ਤੇ ਹੰਢਾਈਆਂ ।ਉਹ ਖਾਨਾਬਦੋਸ਼ਾਂ ਦੇ ਪਿੱਛੇ ਪਿੱਛੇ ਦਰਿਆਵਾਂ ਤੇ ਨੋਕੀਲੀਆਂ ਪਰਬਤੀ ਚੋਟੀਆਂ ਨੂੰ ਪਾਰ ਕਰਦੀ ਹੋਈ ਉੱਬੜ-ਖਾਬੜ ਰਾਹਾਂ ਦੀ ਪਾਂਧੀ ਬਣੀ ਰਹੀ ਤੇ ਫਿਰ ਉਸ ਨੇ ਇਕ ਹੋਰ ਉਪਰਾਲਾ ਕੀਤਾ ਖਾਨਾਬਦੋਸ਼ਾਂ ਨੂੰ ਸਭਿਆਚਾਰ ਦੀ ਮੁੱਖ ਧਾਰਾ ਨਾਲ ਜੋੜਨ ਦਾ ,ਉਹਨਾਂ ਦੇ ਬੱਚਿਆਂ ਨੂੰ ਤਾਲੀਮ ਦੇਣ ਦਾ ।ਉਹ ਕੁਝ ਹੱਦ ਤੱਕ ਕਾਮਯਾਬ ਵੀ ਹੋਈ। ਉਸ ਨੇ ਆਪਣੇ ਨੌਜਵਾਨ ਸਵੈ ਸੇਵੀ ਸਾਥੀਆਂ ਦੀ ਟੀਮ ਬਣਾਈ ਜਿਸ ਵਿੱਚ ਅਧਿਆਪਕ ,ਡਾਕਟਰ ਤੇ ਹੋਰ ਪੜ੍ਹੇ ਲਿਖੇ ਸਾਥੀ ਸੇਵਾ ਹਿੱਤ ਅੱਗੇ ਆਏ। ਹੁਣ ਉਸਨੇ ਖਾਨਾਬਦੋਸ਼ ਬੱਚਿਆਂ ਲਈ ਮੋਬਾਈਲ ਸਕੂਲ ਸ਼ੁਰੂ ਕੀਤੇ ਹੋਏ ਹਨ ।ਖਾਨਾਬਦੋਸ਼ਾਂ ਦੀ ਭਲਾਈ ਹਿੱਤ ਡਾਕਟਰੀ ਕੈਂਪ ਲਗਾਏ ਜਾਂਦੇ ਹਨ ।ਇਸ ਕਾਰਜ ਲਈ ਉਹ ਦੱਸਦੀ ਹੈ ਉਸਦੀ ਟੀਮ ਵਿਚ ਲਗਭਗ 500 ਸਵੈ ਸੇਵੀ ਸਾਥੀ ਸੇਵਾ ਲਈ ਜੁੜ ਚੁੱਕੇ ਹਨ ।ਉਹ ਦੱਸਦੀ ਹੈ ਖਾਨਾਬਦੋਸ਼ਾਂ ਬਾਰੇ ਬਹੁਤ ਕੰਮ ਹੋਣਾ ਅਜੇ ਬਾਕੀ ਹੈ ।ਕੋਸ਼ਿਸ਼ ਜਾਰੀ ਹੈ। ਇਸੇ ਕੜੀ ਚ ਉਹ ਇਕ ਪੁਸਤਕ ’ ਖਾਨਾਬਦੋਸ਼ ਹਿਸਟਰੀ ’ ਵੀ ਲਿਖ ਚੁੱਕੀ ਹੈ ।ਇਸ ਤੋਂ ਇਲਾਵਾ ਉਸਦੀ ਟੀਮ ਪਛੜੇ ਹੋਏ ਖੇਤਰਾਂ ਵਿਚ ਜਿੱਥੇ ਡਾਕਟਰੀ ਸਹੂਲਤ ਦੀ ਲੋੜ ਹੁੰਦੀ ਹੈ ਮੈਡੀਕਲ ਕੈਂਪ ਲਗਾਉਂਦੀ ਰਹਿੰਦੀ ਹੈ ।ਉਹ ਗੁਰਬਤ ਤੇ ਜਹਾਲਤ ਵਰਗੀਆਂ ਸਮੱਸਿਆਵਾਂ ਨੂੰ ਸਮਾਜ ਚੋਂ ਖਤਮ ਕਰਨ ਦੀ ਮੁਦਈ ਹੈ।

ਜਿੱਥੇ ਉਹ ਸਮਾਜ ਸੇਵਾ ਚ ਦਿਨ ਰਾਤ ਇਕ ਕਰੀ ਰੱਖਦੀ ਹੈ ਉੱਥੇ ਉਹ ਸਾਹਿਤਕ ਖੇਤਰ ਦੀ ਵੀ ਮੰਨੀ ਪ੍ਰਮੰਨੀ ਅਦਬੀ ਸ਼ਖਸੀਅਤ ਹੈ ।ਉਸਦੇ ਕਸ਼ਮੀਰੀ ਬੋਲਾਂ ਚ ਮਾਰਵਾੜ ਦੀ ਚੱਸ ,ਮੁਹੱਬਤੀ ਟੁਣਕਾਰ ਤੇ ਰਾਜਪੂਤੀ ਜੁਅਰਤ ਹੁੰਦੀ ਹੈ ।ਹੁਣ ਤੱਕ ਉਹ ਪਾਠਕਾਂ ਦੀ ਕਚਿਹਰੀ ਵਿਚ ਕੁੱਲ ਛੇ ਪੁਸਤਕਾਂ ਪੇਸ਼ ਕਰ ਚੁੱਕੀ ਹੈ ਜਿਹਨਾਂ ਵਿੱਚੋਂ ਉਰਦੂ ਗ.ਜ਼ਲਾਤ ਤੇ ਨਜ਼ਮਾਂ ਦੀ ’ ਆਇਨਾ ਤਾਕ ਪਰ’, ਨਾਵਲ ’ ਸਿਆਹ ਲਿਬਾਸ ਕੀ ਕੈਦ’ , ਦੋ ਕਿਤਾਬਾਂ ਇਤਿਹਾਸਕ ’ਖਾਨਾਬਦੋਸ਼ ਹਿਸਟਰੀ’ , ’ਰਾਜਪੂਤ ਹਿਸਟਰੀ’ ਨਾਵਲ ’ਇਸ਼ਕ ਨਾ ਪੁੱਛੇ ਜ਼ਾਤਾਂ ’ ਅਤੇ ਨਿੱਕੇ ਨਿੱਕੇ ਯਾਦਗਾਰੀ ਪਲਾਂ ਦਾ ਸੰਗ੍ਰਹਿ ’ਬਿਖਰੀ ਯਾਦੇਂ ’ ਸ਼ਾਮਲ ਹਨ। ਉਸਦੀਆਂ ਗ.ਜ਼ਲਾਂ ਤੇ ਨਜ਼ਮਾਂ ਵਿਚ ਕੋਮਲ ਅਹਿਸਾਸ, ਮੁਹੱਬਤੀ ਰੰਗ ,ਤਰਸੇਵਾਂ ਤੇ ਕੁਦਰਤੀ ਵਰਤਾਰਿਆਂ ਦੀ ਸਿਫਤ ਤਾਂ ਹੁੰਦੀ ਹੀ ਹੈ ਪਰ ਕਿਤੇ ਕਿਤੇ ਸਮਾਜਿਕ ਵਿਸੰਗਤੀਆਂ , ਅਸਾਵੇਂਪਣ ,ਕਾਣੀ ਵੰਡ ਤੇ ਨਾਰੀ ਦੇ ਸ਼ੋਸ਼ਣ ਪ੍ਰਤਿ ਨਾਬਰੀ ਸੁਰ ਵੀ ਹੈ ।ਆਪਣੀਆਂ ਗ.ਜ਼ਲਾਂ ਵਿਚ ਉਹ ਆਪਣੇ ਪੁਰਖਿਆਂ ਦੀ ਧਰਤੀ ਜੋਧਪੁਰ ਪ੍ਰਤਿ ਆਪਣਾ ਹੇਜ ਵੀ ਜ਼ਾਹਿਰ ਕਰਦੀ ਹੈ। ਉਸ ਦੀਆਂ ਲਿਖਤਾਂ ਪੂਰੀ ਮਨੁੱਖਤਾ ਲਈ ਸਦਭਾਵਨਾ ਤੇ ਅਮਨੋ-ਈਮਾਨ ਦੀ ਸ਼ਾਹਦੀ ਭਰਦੀਆਂ ਹਨ ।ਉਹ ਆਪਣੀਆਂ ਲਿਖਤਾਂ ਰਾਹੀਂ ਪੂਰੀ ਦੁਨੀਆ ਨੂੰ ਪਿਆਰ-ਮੁਹੱਬਤ ਦਾ ਪੈਗਾਮ ਦਿੰਦੀ ਜਾਪਦੀ ਹੈ ।ਉਸ ਦੇ ਗ.ਜ਼ਲ ’ਸੰਗ੍ਰਹਿ ਆਇਨਾ ਤਾਕ ਪਰ’ ਨੇ ਦੁਨੀਆ ਦੀਆਂ ਮਸ਼ਹੂਰ ਅਦਬੀ ਸ਼ਖਸੀਅਤਾਂ ਦਾ ਧਿਆਨ ਖਿੱਚਿਆ ਹੈ ਜਿਹਨਾਂ ਵਿੱਚ ’ਜਾਵੇਦ ਅਖਤਰ ਸਾਹਿਬ, ਗੁਲਜ਼ਾਰ (ਭਾਰਤ),ਚੌਧਰੀ ਮਦਨ ਮੋਹਨ ਭੂਪਾਲ, ਡਾਕਟਰ ਜਰਨੈਲ ਸਿੰਘ ਆਨੰਦ (ਪੰਜਾਬ),ਹੈਦਰ ਕੁਰੈਸ਼ੀ (ਜਰਮਨੀ),ਡਾਕਟਰ ਮਕਸੂਦ ਜਾਫ਼ਰੀ ਨਿਊਯਾਰਕ ਅਤੇ ਨਾਸਿਰ ਅਦੀਬ ਫਿਲਮੀ ਲੇਖਕ ਆਦਿ ਹਨ, ਜਿਹਨਾਂ ਨੇ ਆਪਣੀਆਂ ਮੁੱਲਵਾਨ ਟਿੱਪਣੀਆਂ ਉਸ ਦੀ ਕਿਤਾਬ ਚ ਦਰਜ ਕੀਤੀਆਂ ਹਨ।

ਆਪਣੀ ਜ਼ਿੰਦਗੀ ਦੀ ਨਿੱਜੀ ਗੱਲ ਕਰਦਿਆਂ ਉਹ ਦੱਸਦੀ ਉਸਦੇ ਸ਼ੌਹਰ ਰਾਜਾ ਸ਼ਫ਼ਕਤ ਰਾਠੌਰ ਤੇ ਤਿੰਨ ਬੱਚਿਆਂ ਸਮੇਤ ਉਸਦਾ ਇਕ ਖੁਸ਼ਹਾਲ ਪਰਿਵਾਰ ਹੈ ।ਉਹ ਆਪਣੇ ਪਰਿਵਾਰ ਨੂੰ ਬੇਪਨਾਹ ਮੁਹੱਬਤ ਕਰਦੀ ਹੈ ।ਰਾਜਾ ਸ਼ਫ਼ਕਤ ਰਾਠੌਰ ਬੇਸ਼ੱਕ ਇਕ ਵੱਡਾ ਕਾਰੋਬਾਰੀ ਹੈ ਪਰ ਉਹ ਅੰਦਲੀਬ ਦੇ ਅਦਬੀ ਕਾਰਜਾਂ ਵਿੱਚ ਹਮੇਸ਼ਾਂ ਸਹਾਈ ਹੁੰਦਾ ਹੈ।

ਉਸਦੀ ਸਮਾਜ ਸੇਵਾ ਅਤੇ ਸਾਹਿਤਕ ਦੇਣ ਬਦਲੇ ਸਮਾਜਿਕ ਤੇ ਅਦਬੀ ਤਨਜ਼ੀਮਾਂ ਨੇ ਉਸਨੂੰ ਬੇਹੱਦ ਮਾਣ ਸਨਮਾਨ ਦਿੱਤਾ ਹੈ ।ਜਿਸ ਵਿਚ ’ਅਹਿਸਾਸ ਫਾਰ ਲਾਇਫ ਐਵਾਰਡ ’,’ਸਰ ਸਯੱਦ ਅਹਿਮਦ ਖਾਨ ਗੋਲਡ ਮੈਡਲ ’ , ’ਗ.ਾਲਿਬ ਐਵਾਰਡ ’ , ’ਸਲੋਰ ਮੈਡਲ ਮਲੇਸ਼ੀਆ’, ’ਗੋ ਗਰੀਨ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ’ , ’ਮੈਡਲ ਬਹਿਰੀਨ ਗਵਰਨਮੈਂਟ ’ ਅਤੇ ਹੋਰ ਵੀ ਬਹੁਤ ਸਾਰੇ ਐਵਾਰਡ ਤੇ ਸਨਮਾਨ ਪੱਤਰ ਦੇਸ਼ਾਂ ਵਿਦੇਸ਼ਾਂ ਤੋਂ ਉਸ ਨੂੰ ਪ੍ਰਾਪਤ ਹੋਏ ਹਨ ।ਉਹ ਦੱਸਦੀ ਹੈ ਕਿ ਪਾਕਿਸਤਾਨ, ਭਾਰਤ, ਯੂਰਪੀਅਨ ਦੇਸ਼ਾਂ ਤੋਂ ਇਲਾਵਾ ਯੂ ਐਸ ਏ ਤੱਕ ਦੇ ਸ਼ੋਸ਼ਲ ਵਰਕਰ ਤੇ ਅਦਬੀ ਲੋਕ ਸਾਹਿਤ ਅਤੇ ਸਮਾਜ ਸੇਵਾ ਹਿੱਤ ਉਸ ਨਾਲ ਜੁੜੇ ਹੋਏ ਹਨ।

ਪੇਸ਼ ਹਨ ਉਸ ਦੀਆਂ ਕੁੱਝ ਗ.ਜ਼ਲਾਂ:

1)

ਤਿਰੇ ਗ.ਮ ਮੇਂ ਸੰਭਲ ਜਾਤੀ ਤੋ ਕਿਆ ਹੋਤਾ
ਕਹਾਣੀ ਥੀ ਬਦਲ ਜਾਤੀ ਤੋ ਕਿਆ ਹੋਤਾ

ਤੋ ਕਿਆ ਦੁਨੀਆ ਕਾ ਨਕਸ਼ਾ ਬਦਲ ਜਾਤਾ
ਮਿਰੀ ਤਰਕੀਬ ਚਲ ਜਾਤੀ ਤੋ ਕਿਆ ਹੋਤਾ

ਮੁਝੇ ਹਦ ਮੇਂ ਬਿਠਾ ਕਰ ਭੀ ਪਰੇਸ਼ਾਂ’ ਹੋ
ਅਗਰ ਹਦ ਸੇ ਨਿਕਲ ਜਾਤੀ ਤੋ ਕਿਆ ਹੋਤਾ

ਬਦਲਣੀ ਤੋ ਨਹੀਂ ਥੀ ਜ਼ਿੰਦਗੀ ਫਿਰ ਵੀ
ਤਿਰੇ ਸਾਂਚੇ ਮੇਂ ਢਲ਼ ਜਾਤੀ ਤੋ ਕਿਆ ਹੋਤੇ

ਲਗਾ ਕਰ ਪੇਚ ਤੇਰੇ ਪਿਆਰ ਕਾ ਦਿਲ ਮੇਂ
ਅਗਰ ਕੁਛ ਫੂਲ ਫਲ਼ ਜਾਤੀ ਤੋ ਕਿਆ ਹੋਤਾ

(ਅੰਦਲੀਬ ਰਾਠੌਰ)

2)

ਕਿਸੀ ਝੂਠੀ ਅਨਾ ਪਰ ਵਾਰ ਦੋਗੇ
ਮੁਝੇ ਔਰਤ ਸਮਝ ਕਰ ਮਾਰ ਦੋਗੇ

ਮੁਝੇ ਤੁਮ ਜੀਤ ਤੋ ਜਾਓਗੇ ਲੇਕਿਨ
ਕਿਸੀ ਦਿਨ ਫਿਰ ਜੂਏ ਮੈਂ ਹਾਰ ਦੋਗੇ

ਕਹਾਣੀ ਮੇਂ ਇਜ਼ਾਫ਼ਾ ਕਰ ਰਹੇ ਹੋ
ਮੁਝੇ ਕੋਈ ਨਯਾ ਕਿਰਦਾਰ ਦੋਗੇ

ਪਤਾ ਚੱਲਨੇ ਨਾ ਦੇਣਾ ਆਜ ਕੀ ਬਾਤ
ਹਮੇਸ਼ਾ ਕੱਲ੍ਹ ਕੀ ਹੀ ਅਖ਼ਬਾਰ ਦੋਗੇ

ਤੁਮਹਾਰੇ ਮਸਲੇ ਭੀ ਕੰਮ ਨਾ ਹੋਂਗੇ
ਮਸਾਈਲ ਕਾ ਅਗਰ ਅੰਬਾਰ ਦੋਗੇ

ਤੁਮਹਾਰੇ ਸਾਥ ਚੱਲਨੇ ਕੋ ਚੱਲੂੰ
ਪਰ ਮੁਝੇ ਹਰ ਰਾਸਤਾ ਪੁਰ ਖ਼ਾਰ ਦੋਗੇ

ਯੇ ਦਿਲ ਕਿਆ ਜਾਨ ਭੀ ਹਾਜ਼ਰ ਹੈ ਲੇਕਿਨ
ਮੁਹੱਬਤ ਕੇ ਗੁਲ ਓ ਗੁਲਜ਼ਾਰ ਦੋਗੇ

ਦੁਬਾਰਾ ਰਬਤ ਕੈਸੇ ਜੋੜ ਲੂੰ ਮੈਂ
ਮੁਝੇ ਤੁਮ ਫਿਰ ਨਯਾ ਆਜ਼ਾਰ ਦੋਗੇ

(ਅੰਦਲੀਬ ਰਾਠੌਰ )



ਉਸਦੀ ਸਾਹਿਤਕ ਤੇ ਸਮਾਜਿਕ ਦੇਣ ਬਦਲੇ ਉਸਨੂੰ ਮੁਬਾਰਕਬਾਦ, ਸ਼ਾਲਾ! ਉਹ ਆਪਣੇ ਨੇਕ ਕਾਰਜਾਂ ਨੂੰ ਸਾਬਤ ਕਦਮੀਂ ਅੰਜਾਮ ਦਿੰਦੀ ਰਹੇ ਤੇ ਅਦਬੀ ਦੁਨੀਆ ਨੂੰ ਆਪਣੀਆਂ ਲਿਖਤਾਂ ਰਾਹੀਂ ਹੋਰ ਵੀ ਅਮੀਰ ਬਣਾਉਂਦੀ ਰਹੇ ।ਇਸ ਆਸ ਨਾਲ ਕਿ ਉਹ ਮਨੁੱਖੀ ਕਦਰਾਂ ਕੀਮਤਾਂ ਤੇ ਪਹਿਰਾ ਦਿੰਦੀ ਹੋਈ ਆਪਣਾ ਸਾਹਿਤਕ ਸਫਰ ਨਿਰੰਤਰ ਜਾਰੀ ਰੱਖੇਗੀ ,ਇਕ ਵਾਰ ਫਿਰ ਸ਼ਾਬਾਸ਼! ਕਹਿੰਦੇ ਹੋਏ ਮੁਬਾਰਕਬਾਦ। ਆਮੀਨ!

-ਅਮਰਜੀਤ ਸਿੰਘ ਜੀਤ
9417287122

ਆਵਾਜ਼ਿ ਕੌਮ AWAZE QAUM International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




# ਸ੍ਰੀ ਅਕਾਲ ਤਖ਼ਤ ਸਾਹਿਬ ਜੀ



ਸ੍ਰੀ ਅਕਾਲ ਤਖ਼ਤ ਸਾਹਿਬ ਜੀ ਗੁਰਦੁਆਰਾ ਸਾਹਿਬ ਹੈ ਜਾਂ ਸਿੱਖਾਂ ਕੌਮ ਦਾ ਤਖ਼ਤ ਇਸ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

**ਸ਼ਨਿੱਚਰਵਾਰ 1 ਮਾਰਚ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ**

ਐਤਵਾਰ 2 ਮਾਰਚ 2025 ਨੂੰ 6:30 ਵਜੇ ਸਵੇਰੇ ਚੌਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ ਭਾਈ ਅਮਨਦੀਪ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲੇ ਕਥਾ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਇਨ੍ਹਾਂ ਸਮਾਗਮਾ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

## ਪਿੰਡ ਵਡਾਲਾ ਜੋਹਲ ਵਿਖੇ ਸਲਾਨਾ ਜੋੜ ਮੇਲਾ ਅਤੇ

# ਗੁਰਮਤਿ ਸਮਾਗਮ ਮਨਾਇਆ ਗਿਆ



ਚੌਕ ਮਹਿਤਾ 26 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ) ਪਿੰਡ ਵਡਾਲਾ ਜੋਹਲ ਵੱਡਾ ਗੁਰਦੁਆਰਾ ਸਾਹਿਬ ਬਾਬੇ ਸਹੀਦਾਂ, ਚੜਦੀ ਪੱਤੀ ਵਿੱਖੇ ਧੰਨ ਧੰਨ ਅਮਰ ਅਨੋਖੇ ਸਹੀਦ ਬਾਬਾ ਦੀਪ ਸਿੰਘ ਜੀ ਅਤੇ ਸਮੂਹ ਸਹੀਦਾਂ ਨੂੰ ਸਮਰਪਿਤ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਖੁੱਲੇ ਪੰਡਾਲਾ ਵਿੱਚ ਦੀਵਾਨ ਸਜਿਆ ਅਤੇ ਸੱਚਖੰਡ ਵਾਸੀ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦੀ ਮਿੱਠੀ ਯਾਦ ਵਿੱਚ ਸਲਾਨਾ ਸਮਾਗਮ ਪਿੰਡ ਅਤੇ ਇਲਾਕੇ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਜਿਸ ਵਿੱਚ ਸਿੱਖ ਪੰਥ ਦੇ ਮਹਾਨ ਕੀਰਤਨੇ, ਕਥਾਵਾਚਕ, ਢਾਡੀ ਜਥੇ ,ਪਰਚਾਰਕ ਕਵੀਸਰੀ ਜਥਿਆ ਨੇ ਗੁਰਮੱਤ ਵਿਚਾਰਾਂ ਦੀ ਸਾਂਝ ਪਾਈ। ਇਸ ਸਮਾਗਮ ਦੇ ਮੁੱਖੀ ਬਾਬਾ ਚਮਕੌਰ ਸਿੰਘ ਜੀ ਅਤੇ ਗਿਆਨੀ ਹਰਪ੍ਰੀਤ ਸਿੰਘ ਵਡਾਲਾ ਨੇ ਆਏ ਹੋਏ ਜਥਿਆ ਨੂੰ ਸਿਰਪਾਉ ਦੇਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸੰਤਾ ਮਹਾਪੁਰਸ਼ਾ ਨਿਹੰਗ ਸਿੰਘਾ ਰਾਜਨੀਤਕ ਅਤੇ ਐਨ ਆਰ ਆਈ ਸੰਗਤਾਂ ਨੇ ਹਾਜਰੀਆ ਭਰੀਆ। ਅਤੇ ਬਾਬਾ ਚਮਕੌਰ ਸਿੰਘ ਜੀ ਨੇ ਆਇ ਹੋਏ ਸੰਤਾਂ ਮਹਾਪੁਰਸ਼ਾ ਨੂੰ ਸਿਰਪਾਉ ਦੁਸਾਲੇ ਦੇਕੇ ਸਨਮਾਨਿਤ ਕੀਤਾ ਗਿਆ ਗੁਰੂ ਜੀ ਦੇ ਲੰਗਰ ਆਟੁਤ ਵਰਤੇ।

## ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਵਿਖੇ ਤੀਸਰੇ ਦਮਦਮਾ ਸਾਹਿਬ ਸਾਹਿਤਕ ਮੇਲੇ ਦੇ ਦੂਜੇ ਦਿਨ ਦੀ

# ਸੰਗੀਤਿਕ ਮਹਿ.ਫਲ ਨਾਲ ਹੋਈ ਸ਼ੁਰੂਆਤ









**ਤਲਵੰਡੀ ਸਾਬੋ, 26 ਫ਼ਰਵਰੀ (ਗੁਰਜੰਟ ਸਿੰਘ ਨਥੇਹਾ)**- ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਵਿਖੇ ਗੁਰੂ ਕਾਸ਼ੀ ਸਾਹਿਤ ਸਭਾ, ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਅਤੇ ਸੋਸ਼ਲ ਸਾਇੰਸਜ਼ ਵਿਭਾਗ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਨੂੰ ਸਮਰਪਿਤ ਤਿੰਨ ਰੋਜ਼ਾ ਸਾਹਿਤਕ ਮੇਲਾ ਕਰਵਾਇਆ ਗਿਆ।ਅੱਜ ਮੇਲੇ ਦੇ ਦੂਜੇ ਦਿਨ ਦੀ ਸ਼ੁਰੂਆਤ ਸੰਗੀਤਕ ਮਹਿ.ਫਲ ਨਾਲ ਹੋਈ।ਇਸ ਦੌਰਾਨ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਮੁਖੀ ਡਾ. ਸੰਦੀਪ ਰਾਣਾ ਨੇ ਮੁੱਖ ਬੁਲਾਰਿਆਂ ਅਤੇ ਸਰੋਤਿਆਂ ਦਾ ਸਵਾਗਤ ਕੀਤਾ। ਅੱਜ ਤੀਸਰੀ ਬੈਠਕ ਵਿੱਚ ਪੰਜਾਬ ਦੀ ਆਰਥਿਕ ਸਥਿਤੀ ਨੂੰ ਸਮਝਦਿਆਂ ਮੁੱਖ ਬੁਲਾਰੇ ਪ੍ਰੋ. ਇਕਬਾਲ ਸਿੰਘ ਨੇ 'ਖੱਟਣ ਗਿਆ ਸੀ ਪਰ ਮੁੜਿਆ ਹੀ ਨਾ' ਵਿਸ਼ੇ 'ਤੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਮੁੱਖ ਮਹਿਮਾਨ ਐਡਵੋਕੇਟ ਅਵਤਾਰ ਸਿੰਘ ਸਨ। ਚੌਥੀ ਬੈਠਕ ਵਿੱਚ '1947: ਇਹ ਫੱਟ ਕਿੰਨੇ ਕੁ ਡੂੰਘੇ ਹਨ' ਵਿਸ਼ੇ 'ਤੇ ਵਿਚਾਰ ਚਰਚਾ ਕੀਤੀ ਗਈ, ਜਿਸ ਵਿੱਚ ਮੁੱਖ ਬੁਲਾਰੇ ਡਾ. ਜਸਬੀਰ ਸਿੰਘ, ਸ੍ਰੀ ਗੁਰਤੇਜ ਕੁਹਾਰਵਾਲਾ, ਡਾ. ਤਰਸੇਮ ਸ਼ਰਮਾ ਨੇ ਖੁੱਲ੍ਹ ਕੇ ਵਿਸ਼ੇ ਨਾਲ ਸਬੰਧਤ ਆਪਣੇ ਵਿਚਾਰ ਪ੍ਰਗਟ ਕੀਤੇ। ਪੰਜਵੀਂ ਬੈਠਕ ਵਿੱਚ ਪੰਜਾਬੀ ਜੁਝਾਰੂ ਪਰੰਪਰਾ ਦੀ ਪੈਰ ਨੱਪ ਦਿਆਂ ਜਨਤਕ ਕਾਰਕੁਨਾਂ ਦੇ ਨਿੱਜੀ ਤਜਰਬੇ ਨਾਲ ਸਬੰਧਿਤ ਵਿਚਾਰ ਚਰਚਾ ਕੀਤੀ ਗਈ, ਜਿਸ ਵਿੱਚ ਸ. ਧਰਮਿੰਦਰ ਮੁਕੇਰੀਆਂ, ਸ੍ਰੀ ਕਮਲਦੀਪ ਸਿੰਘ ਅਤੇ ਸ੍ਰੀ ਤਰਸੇਮ ਪੀਟਰ ਨੇ ਮੁੱਖ ਬੁਲਾਰਿਆਂ ਵਜੋਂ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ ਮੱਖਣ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਨ੍ਹਾਂ ਮੀਟਿੰਗਾਂ ਦਾ ਸੰਚਾਲਨ ਡਾ. ਬਲਦੇਵ ਸਿੰਘ ਸ਼ੇਰਗਿੱਲ, ਡਾ. ਅਮਨਦੀਪ ਸਿੰਘ ਸੇਖੋਂ, ਡਾ. ਨੀਤੂ ਅਰੋੜਾ ਅਤੇ ਸ਼੍ਰੀ ਦੀਪਕ ਮਲੇਰਕੋਟਲਾ ਨੇ ਕੀਤਾ। ਇਸ ਤੋਂ ਬਾਅਦ ਨੌਜਵਾਨ ਕਵੀ ਦਰਬਾਰ ਹੋਇਆ, ਜਿਸ ਵਿੱਚ ਕਵੀਆਂ ਨੇ ਆਪਣੀ ਸ਼ਾਇਰੀ ਨਾਲ ਲੋਕਾਂ ਦਾ ਮਨ ਮੋਹ ਲਿਆ। ਕਵੀ ਦਰਬਾਰ ਦੀ ਪ੍ਰਧਾਨਗੀ ਪਰਮਪ੍ਰੀਤ ਬਠਿੰਡਾ ਨੇ ਕੀਤੀ ਅਤੇ ਸਟੇਜ ਦਾ ਸੰਚਾਲਨ ਕਰਨਦੀਪ ਸੋਨੀ ਵੱਲੋਂ ਕੀਤਾ ਗਿਆ। ਇਸ ਦੌਰਾਨ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਡਾਇਰੈਕਟਰ ਪ੍ਰੋ. ਕਮਲਜੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਇਨ੍ਹਾਂ ਬੈਠਕਾਂ ਦੇ ਨਾਲ-ਨਾਲ ਪੁਸਤਕ ਪ੍ਰਦਰਸ਼ਨੀਆਂ, ਕਲਾ ਪ੍ਰਦਰਸ਼ਨੀਆਂ ਅਤੇ ਵਿਰਾਸਤੀ ਭੋਜਨ ਦੇ ਸਟਾਲ ਵੀ ਲਗਾਏ ਗਏ। ਇਸ ਸਾਹਿਤਕ ਮੇਲੇ ਦੇ ਕੋਆਰਡੀਨੇਟਰ ਪ੍ਰੋ. ਕੁਮਾਰ ਸੁਸ਼ੀਲ ਅਤੇ ਡਾ. ਅਮਨਦੀਪ ਸਿੰਘ ਸੇਖੋਂ ਰਹੇ। ਅੰਤ ਵਿੱਚ ਸੋਸ਼ਲ ਸਾਇੰਸਜ਼ ਵਿਭਾਗ ਦੇ ਮੁਖੀ ਡਾ. ਬਲਦੇਵ ਸਿੰਘ ਨੇ ਆਏ ਹੋਏ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਸਾਹਿਤਕ ਮੇਲੇ ਦਾ ਦੂਸਰਾ ਦਿਨ ਵੀ ਸਫਲਤਾ ਪੂਰਵਕ ਨੇਪਰੇ ਚੜਿਆ।

## ਹੋਲੇ ਮੁਹੱਲੇ ਅਨੰਦਪੁਰ ਸਾਹਿਬ ਹੁਲੜਬਾਜਾਂ ਨੂੰ ਰੋਕਣ ਲਈ ਸ਼ਹੀਦ ਹੋਏ ਭਾਈ ਪਰਦੀਪ ਸਿੰਘ ਗਾਜ਼ੀ ਕੋਟ ਦੀ ਸ਼ਹੀਦੀ ਨੂੰ ਅਮਲੀ ਰੂਪ'ਚ ਲਿਆਉਣ ਜਥੇਦਾਰ ਸਾਹਿਬ : ਜਥੇ ਮੇਜਰ ਸਿੰਘ ਸੋਢੀ, ਭਾਈ ਖਾਲਸਾ



ਜੰਡਿਆਲਾ ਗੁਰੂ 26 ਫਰਵਰੀ ( ਕੁਲਵੰਤ ਸਿੰਘ ਵਿਰਦੀ) ਅਨੰਦਪੁਰ ਸਾਹਿਬ ਦੀ ਇਤਿਹਾਸਕ ਧਰਤੀ ਤੇ ਹੁਲੜਬਾਜ਼ੀ ਰਾਹੀਂ ਧਾਰਮਿਕ ਬਿਰਤੀ ਵਾਲੀਆਂ ਲੱਖਾਂ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਮਾਰਨ ਵਾਲੇ ਹੁਲੜਬਾਜਾਂ ਨੂੰ ਠੱਲ ਪਾਉਣ ਲਈ ਅਨੰਦਪੁਰ ਸਾਹਿਬ ਦੀ ਧਰਤੀ ਤੇ ਜੋੜਮੇਲੇ ਮੌਕੇ ਸ਼ਹੀਦ ਹੋਏ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਗਾਜ਼ੀ ਕੋਟ ਦੀ ਦੂਸਰੀ ਬਰਸੀ 6 ਮਾਰਚ ਨੂੰ ਪਿੰਡ ਗਾਜ਼ੀ ਕੋਟ ਗੁਰਦਾਸਪੁਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਅਤੇ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਦੇ ਸਤਿਕਾਰ ਯੋਗ ਪਿਤਾ ਅਤੇ ਦਸਮੇਸ਼ ਤਰਨਦਲ ਦੇ ਮੁੱਖੀ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਜੀ ਦੀ ਦੇਖ ਰੇਖ ਤੋਂ ਇਲਾਵਾ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਦੇ ਭਰਵੇਂ ਸੰਯੋਗ ਨਾਲ 4 ਮਾਰਚ ਤੋਂ 6 ਮਾਰਚ ਤਕ ਮਨਾਈ ਜਾ ਰਹੀ ਹੈ ਅਤੇ ਜਥੇਦਾਰ ਸਾਹਿਬ ਜੀ ਵੱਲੋਂ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਨੂੰ ਸ਼ਹੀਦ ਤਾਂ ਐਲਾਨ ਦਿੱਤਾ ਗਿਆ ਪਰ ਇਸ ਨੂੰ ਅਮਲੀ ਰੂਪ'ਚ ਨਾ ਲਿਆਉਣ ਕਰਕੇ ਸ਼ਹੀਦ ਦੇ ਪਰਿਵਾਰ ਤੇ ਸੰਗਤਾਂ ਵਿੱਚ ਰੋਸ ਪਾਇਆ ਜਾ ਰਿਹਾ ਅਤੇ ਮੰਗ ਕੀਤੀ ਜਾ ਰਹੀ ਹੈ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਅਨੰਦਪੁਰ ਸਾਹਿਬ ਵਿਖੇ ਹੁਲੜਬਾਜਾਂ ਨੂੰ ਨੱਥ ਪਾਉਣ ਵਾਲੇ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਦੀ ਸ਼ਹੀਦੀ ਨੂੰ ਅਮਲੀ ਰੂਪ'ਚ ਲਿਆਉਣ ਅਤੇ ਸਿੱਖ ਅਜੈਬ ਘਰ ਵਿਚ ਉਹਨਾਂ ਦੀ ਸ਼ਹੀਦੀ ਤਸਵੀਰ ਲਾਉਣ ਸਬੰਧੀ ਅਕਾਲ ਤਖ਼ਤ ਸਾਹਿਬ ਤੋਂ ਇੱਕ ਹੁਕਮ ਰਾਹੀਂ ਅਮਲੀ ਰੂਪ'ਚ ਲਿਆਉਣ ਦੀ ਲੋੜ ਤੇ ਜ਼ੋਰ ਦੇਣ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਗਾਜ਼ੀ ਕੋਟ ਗੁਰਦਾਸਪੁਰ ਦੇ ਛੇ ਮਾਰਚ ਨੂੰ ਕਰਵਾਏ ਜਾ ਰਹੇ ਸ਼ਹੀਦੀ ਸਮਾਗਮ ਦੇ ਮੁੱਖ ਪ੍ਰਬੰਧਕ ਸ਼ਹੀਦ ਦੇ ਪਿਤਾ ਸ੍ਰ ਗੁਰਬਖਸ਼ ਸਿੰਘ ਗਾਜ਼ੀ ਕੋਟ ਅਤੇ ਦਸਮੇਸ਼ ਤਰਨਦਲ ਦੇ ਮੁੱਖੀ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਜੀ ਨਾਲ ਗੱਲਬਾਤ ਕਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ, ਉਹਨਾਂ ਭਾਈ ਖਾਲਸਾ ਨੇ ਸ੍ਰ ਗੁਰਬਖਸ਼ ਸਿੰਘ ਗਾਜ਼ੀ ਕੋਟ ਤੇ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਦੇ ਹਵਾਲੇ ਨਾਲ ਦੱਸਿਆ ਇਸ ਵਾਰ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਦੀ ਦੂਸਰੀ ਬਰਸੀ ਬਹੁਤ ਹੀ ਸ਼ਰਧਾ ਭਾਵਨਾਵਾਂ ਤੇ ਉਤਸ਼ਾਹ ਨਾਲ ਮਨਾਈ ਜਾਵੇਗੀ, ਉਨ੍ਹਾਂ ਦੱਸਿਆ ਸ਼ਹੀਦੀ ਬਰਸੀ ਤੇ ਜਥੇਦਾਰ ਅਕਾਲ ਤਖ਼ਤ ਸਾਹਿਬ, ਜਥੇਦਾਰ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਗਿਆਨੀ ਹਰਪ੍ਰੀਤ ਸਿੰਘ ਜੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਮੀਤ ਸਿੰਘ ਕਾਲਕਾ, ਚੇਅਰਮੈਨ ਪੰਜਾਬ ਡਾ, ਮਨਜੀਤ ਸਿੰਘ ਭੂਮਾ, ਖਾੜਕੂ ਆਗੂ ਤੇ ਪੰਥ ਦੀ ਮਹਾਨ ਸ਼ਖ਼ਸੀਅਤ ਭਾਈ ਵੱਸਣ ਸਿੰਘ ਜਫਰਵਾਲ,ਸਰਬੱਤ ਖਾਲਸਾ ਦੇ ਚੀਫ ਕਮਾਂਡਰ ਭਾਈ ਮੋਹਕਮ ਸਿੰਘ ਜੀ ਦਮਦਮੀ ਟਕਸਾਲ ਤੋਂ ਇਲਾਵਾ ਸੈਂਕੜੇ ਨਿਹੰਗ ਸਿੰਘ ਜਥੇਬੰਦੀਆਂ ਦੇ ਜਥੇਦਾਰ ਸਾਹਿਬਾਨਾਂ ਤੋਂ ਇਲਾਵਾ ਲੱਖਾਂ ਦੇ ਇਕੱਠ'ਚ ਜੁੜੀਆਂ ਸੰਗਤਾਂ ਜਿਥੇ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ ਉਥੇ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬ ਜੀ ਨੂੰ ਬੇਨਤੀ ਕਰਨਗੀਆ ਕਿ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਗਾਜ਼ੀ ਕੋਟ ਦੇ ਸ਼ਹੀਦੀ ਐਲਾਨ ਨੂੰ ਅਮਲੀ ਰੂਪ'ਚ ਲਿਆਂਦਾ ਜਾਵੇ ਤੇ ਉਨ੍ਹਾਂ ਦੀ ਸ਼ਹੀਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਲਾਈਂ ਜਾਵੇ ਤਾਂ ਕਿ ਨੌਜਵਾਨਾਂ ਨੂੰ ਇਤਿਹਾਸਕ ਜੋੜ ਮੇਲਿਆਂ ਤੇ ਹੁਲੜਬਾਜਾਂ ਨੂੰ ਨੱਥ ਪਾਉਣ ਲਈ ਪ੍ਰੇਰਿਤ ਕੀਤਾ ਜਾ ਸਕੇ।

# ਟਰੈਫਿਕ ਪੁਲੀਸ ਸਦਰ ਬਾਜ਼ਾਰ ਦੇ ਵਪਾਰੀਆਂ ਨੂੰ ਸੜਕ 'ਤੇ ਆਉਣ ਲਈ ਕਰ ਰਹੀ ਹੈ ਮਜਬੂਰ- ਪੰਮਾ/ ਯਾਦਵ



ਨਵੀਂ ਦਿੱਲੀ 26 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਫੈਡਰੇਸ਼ਨ ਆਫ ਸਦਰ ਬਜ਼ਾਰ ਟਰੇਡ ਐਸੋਸੀਏਸ਼ਨ ਦੇ ਚੇਅਰਮੈਨ ਪਰਮਜੀਤ ਸਿੰਘ ਪੰਮਾ ਅਤੇ ਰਾਕੇਸ਼ ਯਾਦਵ ਨੇ ਦੱਸਿਆ ਕਿ ਸਦਰ ਬਜ਼ਾਰ ਦੇ ਟ੍ਰੈਫਿਕ ਜਾਮ ਕਾਰਨ ਵਪਾਰੀਆਂ ਅਤੇ ਖਰੀਦਦਾਰਾਂ ਨੂੰ ਹਰ ਰੋਜ਼ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਸ ਕਾਰਨ ਆਉਣ ਵਾਲੇ ਸਮੇਂ ਵਿੱਚ ਤਿਉਹਾਰ ਹੋਣ ਕਾਰਨ ਵਪਾਰੀਆਂ ਵਿੱਚ ਭਾਰੀ ਰੋਸ ਹੈ। ਹੋਲੀ ਨੇੜੇ ਆ ਰਹੀ ਹੈ ਅਤੇ ਟਰੈਫਿਕ ਜਾਮ ਦੀ ਸਮੱਸਿਆ ਵਧਦੀ ਜਾ ਰਹੀ ਹੈ। ਪਰਮਜੀਤ ਸਿੰਘ ਪੰਮਾ ਅਤੇ ਰਾਕੇਸ਼ ਯਾਦਵ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਵਪਾਰੀਆਂ ਨੇ ਇਸ ਦਾ ਵਿਰੋਧ ਕੀਤਾ ਸੀ ਅਤੇ ਟਰੈਫਿਕ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਸੀ ਕਿ ਸਦਰ ਬਾਜ਼ਾਰ ਨਾਲ ਜੁੜੇ ਸਾਰੇ ਚੌਕਾਂ 'ਤੇ ਟਰੈਫਿਕ ਅਧਿਕਾਰੀ ਹਾਜ਼ਰ ਰਹਿਣਗੇ। ਜੋ ਕਿ ਟ੍ਰੈਫਿਕ ਜਾਮ ਨੂੰ ਦੂਰ ਕਰਨ ਦਾ ਕੰਮ ਕਰਨਗੇ ਪਰ ਲੰਬੇ ਸਮੇਂ ਤੋਂ ਚੌਕ 'ਤੇ ਕੋਈ ਵੀ ਟਰੈਫਿਕ ਅਧਿਕਾਰੀ ਨਜ਼ਰ ਨਹੀਂ ਆ ਰਿਹਾ।ਜਿਸ ਕਾਰਨ ਘੰਟਿਆਂ ਬੱਧੀ ਟ੍ਰੈਫਿਕ ਜਾਮ ਲੱਗਾ ਰਹਿੰਦਾ ਹੈ। ਜਦਕਿ ਸਦਰ ਥਾਣਾ, 12 ਟੂਟੀ, ਕੁਤੁਬ ਰੋਡ ਤੇਲੀਵਾੜਾ, ਮਿਠਾਈ ਪੁਲ ਅਤੇ ਹੋਰ ਚੌਕਾਂ 'ਤੇ ਸਵੇਰੇ-ਸ਼ਾਮ ਟ੍ਰੈਫਿਕ ਪੁਲਸ ਤਾਇਨਾਤ ਕਰਨ ਦਾ ਫੈਸਲਾ ਕੀਤਾ ਗਿਆ ਸੀ ਪਰ ਪੁਲਸ ਅਧਿਕਾਰੀ ਹਰ ਚੌਕ ਤੋਂ ਗਾਇਬ ਰਹਿੰਦੇ ਹਨ ਅਤੇ ਮਜਬੂਰ ਉਹ ਲੋਕਾਂ ਨੂੰ ਪ੍ਰੇਸ਼ਾਨ ਕਰਨ ਜਾਂ ਚਲਾਨ ਕੱਟਣ ਲਈ ਹੀ ਖੜ੍ਹੇ ਰਹਿੰਦੇ ਹਨ ਜਾਂ ਫਿਰ ਜੇਕਰ ਕੋਈ ਆਪਣਾ ਦੋਪਹੀਆ ਵਾਹਨ ਰੋਕਦਾ ਹੈ ਤਾਂ ਟ੍ਰੈਫਿਕ ਪੁਲਸ ਦੀ ਕਰੇਨ ਤੁਰੰਤ ਉਸ ਨੂੰ ਚੁੱਕ ਕੇ ਲੈ ਜਾਂਦੀ ਹੈ। ਪਰ ਟਰੈਫਿਕ ਨੂੰ ਖੋਲ੍ਹਣ ਲਈ ਉਨ੍ਹਾਂ ਵਿੱਚੋ ਕੋਈ ਕੰਮ ਨਹੀਂ ਕਰਦਾ ਹੈ । ਪੰਮਾ ਤੇ ਯਾਦਵ ਨੇ ਦੱਸਿਆ ਕਿ ਦੂਜੇ ਪਾਸੇ ਸਦਰ ਬਾਜ਼ਾਰ ਥਾਣੇ ਤੋਂ 12 ਟੂਟੀ ਚੌਕ ਤੱਕ ਨਗਰ ਨਿਗਮ ਵੱਲੋਂ ਪਾਰਕਿੰਗ ਮੁਹੱਈਆ ਕਰਵਾਈ ਗਈ ਹੈ, ਉਹ ਤਿੰਨ-ਤਿੰਨ ਲਾਈਨਾਂ ਵਾਲੀ ਸੜਕ 'ਤੇ ਪਾਰਕ ਕਰਦੇ ਹਨ, ਜਿਸ ਕਾਰਨ ਹਰ ਰੋਜ਼ ਟਰੈਫਿਕ ਜਾਮ ਰਹਿੰਦਾ ਹੈ। ਐਮਰਜੈਂਸੀ ਦੀ ਸੂਰਤ ਵਿਚ ਆਉਣ-ਜਾਣ ਵਿਚ ਕਾਫੀ ਦਿੱਕਤ ਆਉਂਦੀ ਹੈ, ਜਿਸ ਕਾਰਨ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ।

ਜਗਰਾਉਂ ਪ੍ਰਸਿੱਧ ਰੌਸ਼ਨੀ ਦੇ ਮੇਲੇ ਮੌਕੇ

# ਨਿਹੰਗ ਸਿੰਘ ਫ਼ੌਜਾਂ ਵੱਲੋਂ ਕੱਢਿਆ ਮਹੱਲਾ ਬਣਿਆ ਖਿੱਚ ਦਾ ਕੇਂਦਰ









ਜਗਰਾਉਂ –(ਵਰਿਆਮ ਹਠੂਰ) ਸ਼ਹਿਰ ਜਗਰਾਉਂ ਦੇ ਪ੍ਰਸਿੱਧ ਰੌਸ਼ਨੀ ਦੇ ਮੇਲੇ ਮੌਕੇ ਦਸਮੇਸ਼ ਤਰਨਾ ਦਲ ਮਿਸਲ ਸ਼ਹੀਦ ਬਾਬਾ ਆਲਮ ਸਿੰਘ ਜੀ ਨੱਚਣਾ ਚਲਦਾ ਵਹੀਰ ਚੱਕਰਵਰਤੀ ਦਲ ਪੰਥ ਵੱਲੋਂ ਚਮਕੌਰ ਦੀ ਗੜ੍ਹੀ ਦੇ ਆਖ਼ਰੀ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਅਤੇ ਜੰਗੀ ਜਰਨੈਲ ਬਾਬਾ ਆਲਮ ਸਿੰਘ ਜੀ ਨੱਚਣਾ ਦੇ ਜਨਮ ਦਿਹਾੜੇ ਅਤੇ ਹੋਲੇ ਮਹੱਲੇ ਨੂੰ ਸਮਰਪਿਤ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਛਾਉਣਾ ਤਰਨਾ ਦਲ ਮਹੱਲਾ ਬਾਗ. ਖੇਤਾ ਰਾਮ ਤੋਂ ਅਰਦਾਸ ਉਪਰੰਤ ਸਤਿਕਾਰਯੋਗ ਸ਼ਖ਼ਸੀਅਤ ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਨਨਕਾਣਾ ਸਾਹਿਬ ਵਾਲੇ, ਅਤੇ ਜਥੇਦਾਰ ਬਾਬਾ ਸੁਖਦੇਵ ਸਿੰਘ ਜੀ ਲੋਪੋ ਦੀ ਦੇਖ ਰੇਖ ਹੇਠ, ਮਹੱਲਾ ਕੱਢਿਆ ਗਿਆ, ਸਵੇਰੇ ਗੁਰਦੁਆਰਾ ਸਾਹਿਬ ਵਿਖੇ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਅਤੇ ਉਪਰੰਤ ਗੁਰਬਾਣੀ ਕੀਰਤਨ ਦਰਬਾਰ ਸਜਾਇਆ ਗਿਆ, ਤੇ ਉਸ ਤੋਂ ਬਾਅਦ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਰਵਾਨਗੀ ਹੋਈ, ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਸ਼ਹਿਰ ਦੀਆਂ ਵੱਖ ਵੱਖ ਥਾਵਾਂ ਤੇ ਗੱਤਕੇ ਦੇ ਜੌਹਰ ਵਿਖਾਏ ਤੇ ਕੱਢਿਆ ਗਿਆ ਮਹੱਲਾ ਸ਼ਹਿਰ ਵਾਸੀਆਂ ਲਈ ਖਿੱਚ ਦਾ ਕੇਂਦਰ ਬਣਿਆ, ਸ਼ਾਮ ਵੇਲੇ ਸ਼ਿਵਪੁਰੀ ਗਰਾਂਊਂਡ ਵਿੱਚ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਲੋਂ ਜਿੱਥੇ ਖੁੱਲ੍ਹੇ ਗੱਤਕੇ ਦੇ ਜੌਹਰ ਵਿਖਾਏ, ਉੱਥੇ ਘੋੜ ਸਵਾਰੀ ਦੋੜਾਂ ਦਾ ਸੰਗਤਾਂ ਨੂੰ ਖ਼ੂਬਸੂਰਤ ਦ੍ਰਿਸ਼ ਵੇਖਣ ਨੂੰ ਮਿਲਿਆ, ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਜੀ ਗਰੇਵਾਲ ਨੇ ਗੁਰੂ ਦੀਆਂ ਲਾਡਲੀਆਂ ਫੌਜਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸ਼ਹਿਰ ਵਾਸੀਆਂ ਲਈ ਖ਼ਾਲਸਾਈ ਜਾਹੋ ਜਲਾਲ ਨਾਲ ਕੱਢਿਆ ਗਿਆ ਮਹੱਲਾ ਖਿੱਚ ਦਾ ਕੇਂਦਰ ਬਣਿਆ, ਤੇ ਖਾਲਸੇ ਦੀਆਂ ਖੇਡਾਂ ਆਪਣਾ ਵੱਖਰਾ ਸਥਾਨ ਰੱਖਦੀਆਂ ਹਨ। ਦਸਮੇਸ਼ ਤਰਨਾ ਦਲ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਗੁਰੂ ਦੀਆਂ ਲਾਡਲੀਆਂ ਫੌਜਾਂ ਨਾਲ ਵਿਸ਼ੇਸ਼ ਤੌਰ ਤੇ ਪਹੁੰਚੇ ਤੇ ਆਪਣੇ ਵਿਚਾਰਾਂ ਦੀ ਸਾਂਝ ਪਾਈ ਸਮੂਹ ਗੁਰਸੰਗਤਾਂ ਦਾ ਧੰਨਵਾਦ, ਇਸ ਮੌਕੇ ਦਸਮੇਸ਼ ਤਰਨਾ ਦਲ ਦੇ ਮੁਖੀ ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਨਨਕਾਣਾ ਸਾਹਿਬ ਵਾਲਿਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਕੌਮ ਬਾਜਾਂ ਵਾਲੇ ਸ਼ਿਹਨਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ ਹੋਈ ਕੌਮ ਹੈ। ਤੇ ਖ਼ਾਲਸਾਈ ਜਾਹੋ ਜਲਾਲ ਨਾਲ ਖੇਲਿਆ ਜਾਣ ਵਾਲਾ ਮਹੱਲਾ ਖਾਲਸੇ ਦੀ ਵਿਰਾਸਤ ਹੈ। ਜੋ ਸਾਨੂੰ ਸਾਡੇ ਗੁਰੂ ਤੋਂ ਮਿਲੀ ਹੈ। ਗੁਰੂ ਦੀਆਂ ਲਾਡਲੀਆਂ ਫੌਜਾਂ ਵੱਲੋਂ ਖਾਲਸਾਈ ਜਾਹੋ ਜਲਾਲ ਨਾਲ ਸ਼ਹਿਰ ਜਗਰਾਉਂ ਵਿੱਚ ਤੀਸਰੇ ਸਾਲ ਰੌਸ਼ਨੀ ਮੇਲੇ ਮੌਕੇ ਖ਼ਾਲਸਾਈ ਖੇਡਾਂ ਹੋਈਆਂ ਤੇ ਸਮੂਹ ਸੰਗਤਾਂ ਲਈ ਖਿੱਚ ਦਾ ਕੇਂਦਰ ਬਣੀਆਂ, ਸਾਨੂੰ ਆਪਣੇ ਬੱਚਿਆਂ ਨੂੰ ਸਿੱਖ ਕੌਮ ਦੇ ਲਹੂ ਭਿੱਜੇ ਇਤਿਹਾਸ ਤੋਂ ਜਾਣੂੰ ਕਰਵਾਉਣਾ ਚਾਹੀਦਾ ਹੈ ਤੇ ਬਾਣੀ ਅਤੇ ਬਾਣੇ ਦੇ ਧਾਰਨੀ ਬਣ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਣ ਨਾਲ ਧੀਆਂ ਪੁੱਤਰ ਅਖਵਾਉਣਾ ਚਾਹੀਦਾ ਹੈ। ਇਸ ਮੌਕੇ ਮਿਸਲ ਸ਼ਹੀਦ ਬਾਬਾ ਆਲਮ ਸਿੰਘ ਜੀ ਨੱਚਣਾ ਦੇ ਜਥੇਦਾਰ ਬਾਬਾ ਸੁਖਦੇਵ ਸਿੰਘ ਜੀ ਲੋਪੋ ਨੇ ਸਮੂਹ ਗੁਰੂ ਦੀਆਂ ਲਾਡਲੀਆਂ ਫੌਜਾਂ ਅਤੇ ਇਕੱਤਰ ਹੋਈਆਂ ਗੁਰਸੰਗਤਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਨੌਜਵਾਨ ਪੀੜ੍ਹੀ ਗੁਰੂ ਦੇ ਰੰਗ ਵਿੱਚ ਰੰਗੇ ਅਤੇ ਖ਼ਾਲਸਾਈ ਖੇਡਾਂ ਖੇਡੇ, ਨਸ਼ੇ ਵਰਗੀਆਂ ਭੈੜੀਆਂ ਅਲਾਮਤਾਂ ਤੋਂ ਨੌਜਵਾਨ ਦੂਰੀਆਂ ਬਣਾ ਕੇ ਰੱਖਣ ਤੇ ਆਪਣੇ ਅਮੀਰ ਵਿਰਸੇ ਵੱਲ ਧਿਆਨ ਦੇਣ, ਇਸ ਮੌਕੇ ਦਸਮੇਸ਼ ਤਰਨਾ ਦਲ ਦੇ ਮੁਖੀ ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ, ਮਿਸਲ ਸ਼ਹੀਦ ਬਾਬਾ ਆਲਮ ਸਿੰਘ ਜੀ ਨੱਚਣਾ ਦੇ ਜਥੇਦਾਰ ਬਾਬਾ ਸੁਖਦੇਵ ਸਿੰਘ ਜੀ ਲੋਪੋ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਜੀ ਗਰੇਵਾਲ, ਬਾਬਾ ਬਲਦੇਵ ਸਿੰਘ ਜੀ, ਬਾਬਾ ਜਸਵੰਤ ਸਿੰਘ ਰੋਡੇ, ਬਾਬਾ ਜਸਵੰਤ ਸਿੰਘ ਰਾਉਕੇ, ਬਾਬਾ ਦਰਸ਼ਨ ਸਿੰਘ ਭਲੂਰ, ਬਾਬਾ ਸੁੰਦਰ ਸਿੰਘ, ਬਾਬਾ ਬਲਜਿੰਦਰ ਸਿੰਘ, ਬਾਬਾ ਗੁਰਚਰਨ ਸਿੰਘ ਦਲੇਰ, ਪ੍ਰਧਾਨ ਅਵਤਾਰ ਸਿੰਘ ਬਿੱਲਾ ਹਠੂਰ, ਸਮੇਤ ਅਨੇਕਾਂ ਗੁਰਸੰਗਤਾਂ ਗੁਰੂ ਦੀਆਂ ਲਾਡਲੀਆਂ ਫੌਜਾਂ ਹਾਜ਼ਰ ਸਨ।



## ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ, ਅਤੇ ਐੱਸ ਜੀ ਪੀ ਸੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਵਿਸ਼ੇਸ਼ ਤੌਰ ਤੇ ਭਰੀ ਹਾਜ਼ਰੀ

# ਅਕਾਲ ਯੂਨੀਵਰਸਿਟੀ ਦੇ ਐਜੂਕੇਸ਼ਨ ਵਿਭਾਗ ਦੇ ਵਿਦਿਆਰਥੀਆਂ ਨੇ ਕੀਤਾ ਪੰਜਾਬ ਰਾਜ ਅਧਿਆਪਕ ਯੋਗਤਾ ਪ੍ਰੀਖਿਆ (PSTET) ਦਸੰਬਰ 2024 ਵਿੱਚ ਸ਼ਾਨਦਾਰ ਪ੍ਰਦਰਸ਼ਨ



**ਤਲਵੰਡੀ ਸਾਬੋ, 26 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਅਕਾਲ ਯੂਨੀਵਰਸਿਟੀ ਦੇ ਕੁੱਲ 27 ਵਿਦਿਆਰਥੀਆਂ ਨੇ ਹਾਲ ਹੀ ਵਿੱਚ ਹੋਈ ਪੰਜਾਬ ਰਾਜ ਅਧਿਆਪਕ ਯੋਗਤਾ ਪ੍ਰੀਖਿਆ (PSTET) ਦਸੰਬਰ 2024 ਵਿੱਚ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ। ਨਵਜੋਤ ਕੌਰ, ਪਰਨੀਤ ਕੌਰ, ਜਸਵਿੰਦਰ ਕੌਰ, ਪਰਮਿੰਦਰ ਕੌਰ, ਪੂਜਾ ਦੇਵੀ, ਜਸਲੀਨ ਕੌਰ, ਰਮਨਦੀਪ ਕੌਰ, ਮਨਪ੍ਰੀਤ ਕੌਰ, ਰਾਜਵੀਰ ਕੌਰ, ਕੋਮਲਪ੍ਰੀਤ ਜੋ ਕਿ ਅਕਾਲ ਯੂਨੀਵਰਸਿਟੀ ਦੇ ਐਜੂਕੇਸ਼ਨ ਵਿਭਾਗ ਤੋਂ ਇਸ ਸਮੇਂ ਸਿੱਖਿਆ ਗ੍ਰਹਿਣ ਕਰ ਰਹੇ ਹਨ। ਵਿਦਿਆਰਥੀਆਂ ਨੇ ਇਹ ਪ੍ਰੀਖਿਆ ਪਾਸ ਕਰਕੇ ਯੂਨੀਵਰਸਿਟੀ ਦਾ ਨਾਮ ਰੌਸ਼ਨ ਕੀਤਾ ਹੈ। ਇਸੇ ਵਿਭਾਗ ਦੇ ਸਾਬਕਾ ਵਿਦਿਆਰਥੀਆਂ ਦਾ ਇੱਕ ਹੋਰ ਸਮੂਹ ਜਿਸ ਵਿਚ ਸਾਹਿਲਦੀਪ ਸਿੰਘ, ਨਵਦੀਪ ਕੌਰ, ਜਸ਼ਨਪ੍ਰੀਤ ਕੌਰ, ਲਵਪ੍ਰੀਤ ਕੌਰ, ਅਰਸ਼ਪ੍ਰੀਤ ਕੌਰ, ਹਰਪ੍ਰੀਤ ਕੌਰ, ਸੁਮਨ ਰਾਣੀ, ਰਮਨਜੀਤ ਕੌਰ, ਸਿਮਰਨਪ੍ਰੀਤ ਕੌਰ, ਹਰਮਨਪ੍ਰੀਤ ਕੌਰ, ਹਰਮਨਦੀਪ ਕੌਰ, ਹਸਨਪ੍ਰੀਤ ਕੌਰ, ਹਰਮਨਜੋਤ ਕੌਰ, ਹਰਮਨਜੋਤ ਕੌਰ, ਹਰਮਨਪ੍ਰੀਤ ਕੌਰ, ਅਮਨੀਤ ਕੌਰ, ਸੁਖਪ੍ਰੀਤ ਕੌਰ ਆਦਿ ਨਾਮ ਸ਼ਾਮਿਲ ਹਨ, ਨੇ ਵੀ ਪ੍ਰੀਖਿਆ ਪਾਸ ਕੀਤੀ ਅਤੇ ਯੂਨੀਵਰਸਿਟੀ ਦਾ ਮਾਣ ਵਧਾਇਆ ਹੈ। ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਉਨ੍ਹਾਂ ਦੇ ਅਣਥੱਕ ਯਤਨਾਂ, ਅਡੋਲ ਦ੍ਰਿੜ ਇਰਾਦੇ ਅਤੇ ਫੈਕਲਟੀ ਮੈਂਬਰਾਂ ਦੀ ਨਿਰੰਤਰ ਪ੍ਰੇਰਣਾ ਅਤੇ ਮਾਰਗਦਰਸ਼ਨ ਦਾ ਸ਼ਾਨਦਾਰ ਨਤੀਜਾ ਹੈ। ਵਿਭਾਗ ਮੁਖੀ ਡਾ. ਰਸ਼ਿਮ ਵਾਧਵਾ ਨੇ ਕਿਹਾ ਕਿ PSTET 2024 ਵਿੱਚ ਸਾਡੇ ਵਿਦਿਆਰਥੀਆਂ ਦੀ ਸ਼ਾਨਦਾਰ ਸਫਲਤਾ ਯੂਨੀਵਰਸਿਟੀ ਦੀ ਅਡੋਲ ਸਕਾਰਾਤਮਕ ਅਨੁਸ਼ਾਸਨ, ਸੰਪੂਰਨ ਵਿਕਾਸ ਅਤੇ ਸਿੱਖਿਅਕਾਂ ਦੀ ਅਗਲੀ ਪੀੜ੍ਹੀ ਦੇ ਪਾਲਣ–ਪੋਸ਼ਣ ਦਾ ਪ੍ਰਮਾਣ ਹੈ। ਉਹਨਾਂ ਕਿਹਾ ਕਿ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਬਹੁਤ ਮਾਣ ਹੈ ਅਤੇ ਸਾਨੂੰ ਵਿਸ਼ਵਾਸ ਹੈ ਕਿ ਉਹ ਆਪਣੇ ਭਵਿੱਖ ਦੇ ਕੰਮਾਂ ਵਿੱਚ ਵੱਡੀਆਂ ਤੇ ਉੱਚੀਆਂ ਮੰਜ਼ਿਲਾਂ ਪ੍ਰਾਪਤ ਕਰਦੇ ਰਹਿਣਗੇ।

AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243
AWAZE QAUM International Newspaper & WEB TV

**ਸੱਜਣ ਕੁਮਾਰ ਅਤੇ ਹੋਰ ਦੋਸ਼ੀਆਂ ਨੂੰ ਸਿੱਖ ਕਤਲੇਆਮ ਦੇ ਪੀੜਿਤ ਪਰਿਵਾਰਾਂ ਹਵਾਲੇ ਕੀਤਾ ਜਾਏ**

# ਸਜ਼ਾ ਦੇਣ ਦੇ ਓਹ ਹਨ ਹੱਕਦਾਰ: ਕੈਨੇਡੀਅਨ ਸਿੱਖ ਸੰਗਤ



ਨਵੀਂ ਦਿੱਲੀ 26 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਮੋਦੀ ਸਰਕਾਰ 1984 ਦੇ ਸਿੱਖ ਕਤਲੇਆਮ ਲਈ ਕਾਂਗਰਸੀ ਆਗੂਆਂ ਨੂੰ ਭਾਜਪਾ-ਆਰ.ਐੱਸ.ਐੱਸ. ਦੇ ਸ਼ਖਸੀਅਤਾਂ ਨੂੰ ਬਚਾਉਂਦੇ ਹੋਏ ਚੋਣਵੇਂ ਤੌਰ 'ਤੇ ਸਜ਼ਾਵਾਂ ਦੇ ਰਹੀ ਹੈ, ਜਦਕਿ ਸਿੱਖ ਕਤਲੇਆਮ ਵਿਚ ਓਹ ਵੀ ਬਰਾਬਰ ਦੇ ਜ਼ਿੰਮੇਵਾਰ ਸਨ। ਕੈਨੇਡਾ ਦੇ ਸਰੀ ਤੋਂ ਪੰਥਕ ਸੇਵਾਦਾਰ ਅਤੇ ਗੁਰਦੁਆਰਾ ਸਾਹਿਬ ਦੇ ਮੈਂਬਰ ਭਾਈ ਗੁਰਮੀਤ ਸਿੰਘ ਤੂਰ, ਭਾਈ ਗੁਰਮੀਤ ਸਿੰਘ ਗਿੱਲ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਨਰਿੰਦਰ ਸਿੰਘ ਖਾਲਸਾ, ਭਾਈ ਅਜੈਪਾਲ ਸਿੰਘ, ਭਾਈ ਮਨਜਿੰਦਰ ਸਿੰਘ ਖਾਲਸਾ ਅਤੇ ਭਾਈ ਰਣਜੀਤ ਸਿੰਘ ਖਾਲਸਾ ਨੇ ਕਿਹਾ ਕਿ ਨਵੰਬਰ 1984 ਵਿੱਚ, ਸਿਰਫ ਕਾਂਗਰਸੀ ਵਰਕਰਾਂ ਨੇ ਹੀ ਨਹੀਂ, ਸਗੋਂ ਆਰ.ਐਸ.ਐਸ. ਅਤੇ ਜਨ ਸੰਘ ਦੇ ਦੰਗਾਕਾਰੀ ਦਸਤੇ ਵੀ ਸਰਗਰਮੀ ਨਾਲ ਸਿੱਖਾਂ ਦੀ ਨਸਲਕੁਸ਼ੀ ਦੀ ਅਗਵਾਈ ਕਰਦੇ ਸਨ। ਫਿਰ ਵੀ, 1999 ਵਿੱਚ, ਵਾਜਪਾਈ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਨਸਲਕੁਸ਼ੀ ਵਿੱਚ ਸ਼ਾਮਲ 200 ਤੋਂ ਵੱਧ ਆਰਐੈਸਐੈਸ-ਭਾਜਪਾ ਕਾਰਕੁਨਾਂ ਵਿਰੁੱਧ ਕੇਸ ਵਾਪਸ ਲੈ ਲਏ, ਜਿਸ ਨਾਲ ਮੋਦੀ ਦੀਆਂ ਕਾਰਵਾਈਆਂ ਪਿੱਛੇ ਪਖੰਡ ਅਤੇ ਸਿਆਸੀ ਏਜੰਡੇ ਦਾ ਪਰਦਾਫਾਸ਼ ਹੋ ਰਿਹਾ ਹੈ। ਸੱਜਣ ਨੂੰ ਉਮਰ ਕੈਦ ਦੀ ਸਜ਼ਾ ਸਿੱਖਾਂ ਲਈ ਇਨਸਾਫ਼ ਬਾਰੇ ਨਹੀਂ ਹੈ-ਇਹ ਕਾਂਗਰਸ ਵਿਰੁੱਧ ਮੋਦੀ ਦੀ ਸਿਆਸੀ ਜੰਗ ਬਾਰੇ ਹੈ। ਉਨ੍ਹਾਂ ਹੀ ਅਪਰਾਧਾਂ ਨੂੰ ਅੰਜਾਮ ਦੇਣ ਵਾਲੇ ਭਾਜਪਾ-ਆਰਐੈਸਐੈਸ ਦੇ ਮੈਂਬਰਾਂ ਨੂੰ ਬਚਾਉਣ ਦੇ ਨਾਲ-ਨਾਲ ਕਾਂਗਰਸ ਦੇ ਚੋਣਵੇਂ ਵਿਅਕਤੀਆਂ ਵਿਰੁੱਧ ਕੇਸਾਂ ਨੂੰ ਮੁੜ ਸੁਰਜੀਤ ਕਰਕੇ, ਮੋਦੀ ਸਿੱਖ ਨਸਲਕੁਸ਼ੀ ਨੂੰ ਸਿਆਸੀ ਲਾਹੇ ਲਈ ਇੱਕ ਸਾਧਨ ਵਜੋਂ ਵਰਤ ਰਿਹਾ ਹੈ। ਅਸੀਂ ਭਾਰਤ ਅੰਦਰ ਸਿੱਖਾਂ ਲਈ ਇਨਸਾਫ ਦੀ ਕੋਈ ਉਮੀਦ ਨਹੀਂ ਰੱਖਦੇ ਪਰ ਸਾਡੀ ਮੰਗ ਹੈ ਕਿ ਸਿੱਖ ਕਤਲੇਆਮ ਦਾ ਇਕ ਵੱਡਾ ਗੁਣਹਗਾਰ ਸੱਜਣ ਕੁਮਾਰ ਅਤੇ ਹੋਰ ਦੋਸ਼ੀਆਂ ਨੂੰ ਪੀੜਿਤ ਪਰਿਵਾਰਾਂ ਦੇ ਹਵਾਲੇ ਕਰ ਦਿੱਤਾ ਜਾਣਾ ਚਾਹੀਦਾ ਹੈ ਕਿਉਕਿ ਅਸਲ ਵਿਚ ਓਹ ਗੁਣਹਾਗਾਰ ਹੀ ਇੰਨ੍ਹਾ ਪੀੜੀਤਾਂ ਦੇ ਹਨ ਜਿਨ੍ਹਾਂ ਦਰਿੰਦਿਆਂ ਨੇ ਉਨ੍ਹਾਂ ਦੇ ਘਰ ਉਜਾੜ ਕੇ ਉਮਰ ਭਰ ਦੇ ਜ਼ਖ਼ਮ ਦਿੱਤੇ ਸਨ ਤੇ ਇਸਨੂੰ ਸਜ਼ਾ ਦੇਣ ਦਾ ਅਧਿਕਾਰ ਵੀ ਇੰਨ੍ਹਾ ਨੂੰ ਹੀ ਮਿਲਣਾ ਚਾਹੀਦਾ ਹੈ।

> **1999 ਵਿੱਚ, ਵਾਜਪਾਈ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਨਸਲਕੁਸ਼ੀ ਵਿੱਚ ਸ਼ਾਮਲ 200 ਤੋਂ ਵੱਧ ਆਰਐੈਸਐੈਸ-ਭਾਜਪਾ ਕਾਰਕੁਨਾਂ ਵਿਰੁੱਧ ਕੇਸ ਵਾਪਸ ਲਏ**

**ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਵਡਾਲੀ ਡੋਗਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ**

# ਸ਼ਹੀਦ ਬਾਬਾ ਅਮਰ ਸਿੰਘ ਜੀ ਸ਼ਹੀਦ ਬਾਬਾ ਬਘੇਲ ਸਿੰਘ ਜੀ ਯਾਦ ਵਿੱਚ 299 ਵਾਂ ਗੁਰਮਤਿ ਸਮਾਗਮ ਕਰਵਾਇਆ ਗਿਆ



**ਜੰਡਿਆਲਾ ਗੁਰੂ 26 ਫਰਵਰੀ ( ਕੁਲਵੰਤ ਸਿੰਘ ਵਿਰਦੀ)**-ਅੱਜ ਸਰਹੱਦੀ ਪਿੰਡ ਭੂਸੇ ਜ਼ਿਲ੍ਹਾ ਸ਼੍ਰੀ ਤਰਨ ਤਾਰਨ ਸਾਹਿਬ ਵਿਖੇ ਪਿੰਡ ਵਾਸੀਆਂ ਦੇ ਸਹਿਯੋਗ ਸਦਕਾ ਸ਼ਹੀਦ ਬਾਬਾ ਅਮਰ ਸਿੰਘ ਜੀ ਸ਼ਹੀਦ ਬਾਬਾ ਬਘੇਲ ਸਿੰਘ ਜੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 299 ਵਾਂ ਤਿੰਨ ਰੋਜਾ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਪੰਥ ਪ੍ਰਸਿੱਧ ਕਥਾ ਵਾਚਕ ਕੀਰਤਨੀ ਜਥੇ ਢਾਡੀ ਜਥੇ ਕਵਿਸ਼ਰੀਆਂ ਨੇ ਹਾਜ਼ਰੀਆਂ ਭਰੀਆਂ ਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਤੇ ਸਮਾਗਮ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ ਰਜਿਸਟਰ ਪਿੰਡ ਵਡਾਲੀ ਡੋਗਰਾਂ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਸੇਵਾਦਾਰਾਂ ਨੇ ਹਾਜ਼ਰੀ ਭਰੀ ਇਸ ਮੌਕੇ ਗੁਰਦੁਆਰਾ ਬਾਬਾ ਬਘੇਲ ਸਿੰਘ ਜੀ ਬਾਬਾ ਅਮਰ ਸਿੰਘ ਜੀ ਦੇ ਮੁੱਖ ਸੇਵਾਦਾਰ ਬਾਬਾ ਹਰਭਜਨ ਸਿੰਘ ਜੀ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਪਿੰਡ ਵਡਾਲੀ ਡੋਗਰਾਂ ਦੇ ਮੌਜੂਦਾ ਸਰਪੰਚ ਸਰਦਾਰ ਸੰਦੀਪ ਸਿੰਘ ਮੌਜੀ ਅਤੇ ਸ਼੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ ਰਜਿਸਟਰ ਪਿੰਡ ਵਡਾਈ ਡੋਗਰਾ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਅਤੇ ਹੋਰ ਸਾਥੀਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਪਾ ਕਿ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਬਾਬਾ ਗੁਰਨਾਮ ਸਿੰਘ ਜੀ ਬਾਬਾ ਸੋਨਾ ਸਿੰਘ ਬਾਬਾ ਗੁਰਪ੍ਰੀਤ ਸਿੰਘ ਦਸਤਾਰ ਸਿੰਘ ਨੰਬਰਦਾਰ ਬਾਬਾ ਲਾਲ ਸਿੰਘ ਨਾਮ ਸਿੰਘ ਫੌਜੀ, ਸੁਖਬੀਰ ਸਿੰਘ , ਪੰਚਾਇਤ ਮੈਂਬਰ ਜਸਬੀਰ ਸਿੰਘ, ਸੋਸਾਇਟੀ ਦੇ ਖਜਾਨਚੀ ਦਵਿੰਦਰ ਪਾਲ ਸਿੰਘ ਗੋਰਾ, ਜਰਨਲ ਸਕੱਤਰ ਜੋਬਨਬੀਰ ਸਿੰਘ ਵਡਾਲੀ ,ਸਲਾਹਕਾਰ ਹੀਰਾ ਸਿੰਘ ,ਸਲਾਹਕਾਰ ਹਰਭਜਨ ਸਿੰਘ ਮੌਜੀ, ਤੇ ਸੋਸਾਇਟੀ ਦੇ ਮੈਂਬਰ ਸੰਦੀਪ ਸਿੰਘ, ਦਲਜੀਤ ਸਿੰਘ ਜੀਤਾ, ਪਰਦੀਪ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਜੋਗਿੰਦਰ ਸਿੰਘ ਅਜੇਪਾਲ ਸਿੰਘ, ਯੁਵਰਾਜ ਸਿੰਘ, ਅਬੀਦੀਪ ਸਿੰਘ ਆਦਿ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ । ਅਤੇ ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਗਏ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸਾਹਿਤਕ ਮੇਲੇ 'ਚ ਖਿੱਚ ਦਾ ਕੇਂਦਰ ਬਣੀ ਰਹੀ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਦੀ ਸਟਾਲ



ਤਲਵੰਡੀ ਸਾਬੋ, 26 ਫਰਵਰੀ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਚੱਲਦੇ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਦੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਅਤੇ ਗੁਰੂ ਕਾਸ਼ੀ ਸ਼ੋਸਲ ਸਾਇੰਸਜ਼ ਵਿਭਾਗ ਵੱਲੋਂ ਕਰਵਾਏ ਜਾ ਰਹੇ ਤਿੰਨ ਰੋਜ਼ਾ ਤੀਸਰੇ ਸਾਹਿਤਕ ਮੇਲੇ 'ਚ ਅੱਜ ਦੂਜੇ ਦਿਨ ਜਿੱਥੇ ਸਾਹਿਤਕ ਪ੍ਰੋਗਰਾਮਾਂ 'ਚ ਵੱਡੀ ਗਿਣਤੀ ਲੋਕਾਂ ਨੇ ਸ਼ਮੂਲੀਅਤ ਕੀਤੀ ਅਤੇ ਕਿਤਾਬਾਂ ਦੀਆਂ ਸਟਾਲਾਂ ਤੋਂ ਵੱਡੀ ਪੱਧਰ 'ਤੇ ਖਰੀਦੋ-ਫਰੋਖਤ ਕੀਤੀ ਉੱਥੇ 'ਨਵੀਂ ਦਿਸ਼ਾ' ਨਾਂ ਦੇ ਪ੍ਰੋਗਰਾਮ ਨਾਲ ਜੁੜੇ ਇੱਕ ਅਗਾਂਹਵਧੂ ਕਿਸਾਨ ਵੱਲੋਂ ਕਿਸਾਨਾਂ ਨੂੰ ਕੁਦਰਤੀ ਖੇਤੀ ਵੱਲ ਉਤਸ਼ਾਹਿਤ ਕਰਨ ਦੇ ਮਨੋਰਥ ਨਾਲ ਲਗਾਈ ਸਟਾਲ ਖਿੱਚ ਦਾ ਕੇਂਦਰ ਰਹੀ ਅਤੇ ਵੱਡੀ ਗਿਣਤੀ ਕਿਸਾਨਾਂ ਨੇ ਸਟਾਲ ਤੋਂ ਪਨੀਰੀਆਂ ਵੀ ਖਰੀਦੀਆਂ। ਉਕਤ ਸਟਾਲ ਵਿੱਚ 'ਦਾ ਨਾਭਾ ਫਾਊਂਡੇਸ਼ਨ' ਦੇ ਪ੍ਰਾਜੈਕਟ ਕੋਆਰਡੀਨੇਟਰ ਗੁਰਬਿੰਦਰ ਸਿੰਘ ਵੱਲੋਂ ਕਿਸਾਨਾਂ ਨੂੰ ਕੁਦਰਤੀ ਖੇਤੀ ਵੱਲ ਮੁੜਨ ਸਬੰਧੀ ਜਾਗਰੂਕ ਕੀਤਾ ਗਿਆ। ਉਨਾਂ ਕਿਹਾ ਕਿ ਫਸਲਾਂ 'ਚ ਕੀਟਨਾਸ਼ਕਾਂ ਦੀ ਵਧ ਰਹੀ ਮਾਤਰਾ ਮਨੁੱਖੀ ਸਰੀਰ ਨੂੰ ਹੱਦ ਦਰਜੇ ਦਾ ਨੁਕਸਾਨ ਪਹੁੰਚਾ ਰਹੀ ਹੈ ਅਤੇ ਸਮੇਂ ਦੀ ਮੰਗ ਹੈ ਕਿ ਕੀਟਨਾਸ਼ਕਾਂ ਦਾ ਤਿਆਗ ਕਰਕੇ ਕੁਦਰਤੀ ਖੇਤੀ ਵੱਲ ਮੁੜਿਆ ਜਾਵੇ ਤਾਂਕਿ ਹਰ ਮਨੁੱਖ ਨੂੰ ਸੰਤੁਲਿਤ ਖੁਰਾਕ ਮਿਲ ਸਕੇ। ਸਟਾਲ 'ਤੇ ਦਲੀਏਵਾਲੀ ਦੇ ਕਿਸਾਨ ਜਗਜੀਤ ਸਿੰਘ ਨੇ ਪਨੀਰੀਆਂ ਵੇਚੀਆਂ ਅਤੇ ਵੱਡੀ ਗਿਣਤੀ ਕਿਸਾਨਾਂ ਨੇ ਪਨੀਰੀ ਦੀ ਖਰੀਦ 'ਚ ਦਿਲਚਸਪੀ ਦਿਖਾਈ ਜਦੋਂ ਕਿ ਸਟਾਲ ਤੇ ਕਿਸਾਨ ਮਨਦੀਪ ਸਿੰਘ ਮਾਖਾ ਨੇ ਗੰਡੋਆ ਖਾਦ ਵੇਚੀ। ਕਿਸਾਨ ਪ੍ਰਿਤਪਾਲ ਸਿੰਘ ਨੇ ਇਸ ਮੌਕੇ ਖਾਲਸ ਗੁੜ ਅਤੇ ਗੁੜ ਤੋਂ ਬਣੇ ਪਦਾਰਥ ਵੇਚਦਿਆਂ ਇਸ ਗੱਲ 'ਤੇ ਖੁਸ਼ੀ ਪ੍ਰਗਟਾਈ ਕਿ ਹੁਣ ਘਰਾਂ 'ਚ ਸੁਆਣੀਆਂ ਚਾਹ ਆਦਿ ਬਣਾਉਣ ਲਈ ਖੰਡ ਦੀ ਜਗ੍ਹਾ ਮੁੜ ਗੁੜ ਦੀ ਵਰਤੋਂ ਨੂੰ ਤਰਜੀਹ ਦੇਣ ਲੱਗ ਗਈਆਂ ਹਨ।

# ਸੀਬੀਐਸਈ ਬੋਰਡ ਇਮਤਿਹਾਨਾਂ ਵਿੱਚ ਪੰਜਾਬੀ ਭਾਸ਼ਾ ਦੀਆਂ ਪ੍ਰੀਖਿਆਵਾਂ ਬਾਰੇ ਸਪਸ਼ਟੀਕਰਨ: ਬਲ ਮਲਕੀਤ ਸਿੰਘ



**ਨਵੀਂ ਦਿੱਲੀ 26 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:- ਹਾਲ ਹੀ ਵਿੱਚ ਸੀਬੀਐਸਈ ਬੋਰਡ ਇਮਤਿਹਾਨਾਂ ਵਿੱਚੋਂ ਪੰਜਾਬੀ ਭਾਸ਼ਾ ਨੂੰ ਹਟਾਏ ਜਾਣ ਬਾਰੇ ਕੁਝ ਅਫਵਾਹਾਂ ਸੋਸ਼ਲ ਮੀਡੀਆ, ਖਾਸ ਕਰਕੇ ਟਵਿੱਟਰ 'ਤੇ ਫੈਲ ਰਹੀਆਂ ਹਨ। ਬਲ ਮਲਕੀਤ ਸਿੰਘ ਐਗਜ਼ਿਕਊਟਿਵ ਚੇਅਰਮੈਨ, ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਮਹਾਰਾਸ਼ਟਰ ਸਰਕਾਰ ਨੇ ਕਿਹਾ ਕਿ ਅਸੀਂ ਇਹ ਮਾਮਲਾ ਸੀਬੀਐਸਈ ਨਾਲ ਸਿੱਧਾ ਜਾਂਚਿਆ ਹੈ ਅਤੇ ਅਧਿਕਾਰਤ ਤੌਰ 'ਤੇ ਪੁਸ਼ਟੀ ਕੀਤੀ ਗਈ ਹੈ ਕਿ ਵਿਸ਼ਿਆਂ ਵਿੱਚ ਕੋਈ ਬਦਲਾਵ ਨਹੀਂ ਕੀਤਾ ਗਿਆ। ਪੰਜਾਬੀ, ਬਾਕੀ ਸਾਰੇ ਮੌਜੂਦਾ ਵਿਸ਼ਿਆਂ ਵਾਂਗ, ਆਉਣ ਵਾਲੀਆਂ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਮੌਜੂਦ ਰਹੇਗੀ। ਅਸੀਂ ਵਿਦਿਆਰਥੀਆਂ, ਮਾਪਿਆਂ ਅਤੇ ਸਾਰੇ ਭਾਈਚਾਰੇ ਨੂੰ ਅਪੀਲ ਕਰਦੇ ਹਾਂ ਕਿ ਝੂਠੀ ਜਾਣਕਾਰੀ 'ਤੇ ਵਿਸ਼ਵਾਸ ਨਾ ਕਰਨ ਅਤੇ ਕੇਵਲ ਸੀਬੀਐਸਈ ਦੀਆਂ ਅਧਿਕਾਰਤ ਨੋਟਿਸਾਂ 'ਤੇ ਹੀ ਭਰੋਸਾ ਕਰਨ। ਬੋਰਡ ਨੇ ਖੁਦ ਇਹ ਸਪਸ਼ਟ ਕੀਤਾ ਹੈ ਕਿ ਪੰਜਾਬੀ ਭਾਸ਼ਾ ਪਾਠਕ੍ਰਮ ਦਾ ਇੱਕ ਅਟੂਟ ਹਿੱਸਾ ਬਣੀ ਰਹੇਗੀ।ਇਸ ਲਈ ਜਰੂਰੀ ਹੈ ਕਿ ਇਸ ਜਾਣਕਾਰੀ ਨੂੰ ਵਧ ਤੋਂ ਵਧ ਸ਼ੇਅਰ ਕੀਤਾ ਜਾਏ ਤਾਂ ਕਿ ਗਲਤ ਜਾਣਕਾਰੀ ਦਾ ਫੈਲਾਅ ਰੋਕਿਆ ਜਾ ਸਕੇ।

# ਸ਼ਿਵਰਾਤਰੀ ਦੇ ਪਵਿੱਤਰ ਤਿਉਹਾਰ ਮੌਕੇ ਸ਼ਿਵਾਲਾ ਮੰਦਰ ਚ ਕੈਬਨਿਟ ਮੰਤਰੀ ਈ ਟੀ ਓ ਹੋਏ ਨਤਮਸਤਕ ਸਮੁੱਚੀ ਲੋਕਾਈ ਨੂੰ ਦਿੱਤੀ ਮੁਬਾਰਕਵਾਦ



**ਜੰਡਿਆਲਾ ਗੁਰੂ 26 ਫਰਵਰੀ ( ਕੁਲਵੰਤ ਸਿੰਘ ਵਿਰਦੀ)**-ਕੈਬਨਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਸਮੁੱਚੀ ਲੋਕਾਈ ਨੂੰ ਸ਼ਿਵਰਾਤਰੀ ਦੇ ਪਵਿੱਤਰ ਤਿਉਹਾਰ ਦੀ ਵਧਾਈ ਦਿੱਤੀ ਹੈ। ਉਹ ਅੱਜ ਸ਼ਿਵਰਾਤਰੀ ਦੇ ਸ਼ੁਭ ਦਿਹਾੜੇ ਮੌਕੇ ਸ਼ਿਵਾਲਾ ਮੰਦਰ ਵਿਖੇ ਨਤਮਸਤਕ ਹੋਏ। ਇਸ ਮੌਕੇ ਸ.ਹਰਭਜਨ ਸਿੰਘ ਨੇ ਕਿਹਾ ਕਿ ਨੌਜਵਾਨਾਂ ਅਤੇ ਬੱਚਿਆਂ ਨੂੰ ਧਾਰਮਿਕ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਸਮੂਲੀਅਤ ਕਰਨੀ ਚਾਹੀਦੀ ਹੈ, ਸਾਡੇ ਧਾਰਮਿਕ ਸਮਾਗਮਾਂ ਵਿੱਚ ਹਰ ਵਰਗ ਦੀ ਸਮੂਲੀਅਤ ਤੋ ਇਹ ਪ੍ਰਤੀਤ ਹੋ ਰਿਹਾ ਹੈ ਕਿ ਸਾਡੇ ਪੰਜਾਬ ਦੇ ਲੋਕ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਨ ਅਤੇ ਸਾਰੇ ਤਿਉਹਾਰ ਰਲ ਮਿਲ ਕੇ ਮਨਾਉਦੇ ਹਨ। ਉਨ੍ਹਾਂ ਨੇ ਕਿਹਾ ਕਿ ਸ਼ਿਵਰਾਤਰੀ ਦੇ ਮਹਾਪਰਵ ਮੌਕੇ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਹੈ, ਧਾਰਮਿਕ ਸਥਾਨਾਂ ਤੇ ਮੱਥਾਂ ਟੇਕਣ ਲਈ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਹਨ, ਸੰਤ-ਮਹਾਪੁਰਸ਼ ਪਰਵਚਨ ਕਰਕੇ ਸੰਗਤਾਂ ਨੂੰ ਸਾਡੇ ਧਰਮ ਬਾਰੇ ਜਾਣਕਾਰੀ ਦੇ ਰਹੇ ਹਨ। ਉਨ੍ਹਾਂ ਵੱਲੋਂ ਧਾਰਮਿਕ ਗ੍ਰੰਥਾਂ ਦੀ ਵਿਆਖਿਆਂ ਕਰਕੇ ਸਮੁੱਚੀ ਜਾਣਕਾਰੀ ਸਰਲ ਅਰਥਾਂ ਵਿੱਚ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਧਰਮ ਅਤੇ ਵਿਰਸੇ ਬਾਰੇ ਜਾਣਕਾਰੀ ਬੱਚਿਆ ਤੱਕ ਪਹੁੰਚਣੀ ਬਹੁਤ ਜਰੂਰੀ ਹੈ। ਉਨ੍ਹਾ ਨੇ ਕਿਹਾ ਕਿ ਅੱਜ ਮਹਾਂਪਰਵ ਮੌਕੇ ਧਾਰਮਿਕ ਸਥਾਨ ਦੇ ਦਰਸ਼ਨ ਕਰਕੇ ਮਨ ਨੂੰ ਬਹੁਤ ਸਕੂਲ ਮਿਲਿਆ ਹੈ। ਉਨ੍ਹਾਂ ਨੇ ਰਾਜ ਦੀ ਖੁਸ਼ਹਾਲੇ ਲਈ ਦੁਆ ਕਰਦੇ ਕਾਮਨਾ ਕੀਤੀ ਕਿ ਪੰਜਾਬ ਵਾਸੀ ਇਸੇ ਤਰ੍ਹਾਂ ਰਲ ਮਿਲ ਕੇ ਸਾਰੇ ਦਿਨ ਤਿਉਹਾਰ ਮਨਾਉਂਦੇ ਰਹਿਣ।

## ਨਵੀਂ ਪੀੜ੍ਹੀ ਨੂੰ

# ਕਾਨਫਰੰਸਾਂ ਦਾ ਹਿੱਸਾ ਜਰੂਰ ਬਣਾਇਆ ਜਾਵੇ





**ਆਪਣੀ** ਬੋਲੀ ਅਤੇ ਵਿਰਸੇ ਨੂੰ ਬਚਾਉਣ, ਪਰਮੋਟ ਤੇ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਵਾਸਤੇ ਕਈ ਵਾਰ ਕੁੱਝ ਅਜਿਹੀਆਂ ਤਰਕੀਬਾਂ ਵਰਤਣੀਆਂ ਪੈਂਦੀਆਂ ਹਨ, ਜੋ ਦੂਰਗਾਮੀ ਨਤੀਜੇ ਪੇਸ਼ ਕਰਨ । ਰਹੀਮ ਯਾਰ ਖਾਨ ਵਿਖੇ ਜਨਵਰੀ ਦੇ ਆਖਰੀ ਹਫਤੇ ਵਿਚ ਆਯੋਜਿਤ ਕੀਤੀ ਗਈ ਪਹਿਲੀ ਅੰਤਰ ਰਾਸ਼ਟਰੀ ਰੋਹੀ ਪੰਜਾਬੀ ਕਾਨਫਰੰਸ ਵਿਚ ਉਕਤ ਪ੍ਰਕਾਰ ਦੀਆਂ ਤਰਕੀਬਾਂ ਬਹੁਤ ਵਧੀਆ ਢੰਗ ਨਾਲ ਵਰਤੀਆਂ ਗਈਆਂ । ਪਹਿਲੀ ਮਿਸਾਲ, ਸਕੂਲੀ ਬੱਚਿਆਂ ਨੂੰ ਕਾਨਫਰੰਸ ਸ਼ਾਮਿਲ ਕਰਨਾ ਤੇ ਉਹਨਾਂ ਨੂੰ ਪੰਜਾਬੀ ਬੋਲੀ ਦੀ ਅਹਿਮੀਅਤ ਸਮਝਾ ਕੇ, ਪੰਜਾਬੀ ਬੋਲੀ, ਬੋਲਣ ਵਾਸਤੇ ਉਤਸ਼ਾਹਤ ਕਰਨ ਲਈ ਟਰਾਫੀਆਂ ਤੇ ਹੈਂਪਰ ਤਕਸੀਮ ਕਰਨੇ, ਦੂਜੀ ਮਿਸਾਲ ਇਹ ਰਹੀ ਕਿ ਸਟੇਜ ਮੌਡਰੇਟਰ ਅਲੀ ਉਸਮਾਨ ਬਾਜਵਾ ਵਲੋਂ ਪੰਡਾਲ ਵਿਚ ਬੈਠੇ ਬੱਚਿਆਂ ਨੂੰ ਸੱਦਾ ਦੇਣਾ ਕਿ ਜੇਕਰ ਉਹ ਸਟੇਜ ਉੱਤੇ ਆ ਕੇ ਕੁੱਝ ਪੰਜਾਬੀ ਵਿਚ ਸੁਣਾਉਣਗੇ ਤਾਂ ਉਹਨਾਂ ਨੂੰ ਇਨਾਮ ਦਿੱਤਾ ਜਾਏਗਾ । ਇਸ ਸੱਦੇ ਨੂੰ ਸਵੀਕਾਰਦਿਆਂ ਇਕ ਛੋਟਾ ਜਿਹਾ ਬੱਚਾ ਜੋ ਕਿ ਕੁਰੀਬ ਛੇ ਸੱਤ ਕੁ ਸਾਲ ਦਾ ਹੋਵੇਗਾ, ਜਿਸ ਨੇ ਪੰਜਾਬੀ ਸੂਟ ਦੇ ਨਾਲ ਕੁੱਲੇ ਵਾਲੀ ਪੱਗੜੀ ਵੀ ਬੰਨ੍ਹੀ ਹੋਈ ਸੀ, ਸਟੇਜ ਉੱਤੇ ਆਇਆ ਤੇ ਉਸ ਨੇ ਪੰਜਾਬੀ ਵਿਚ ਇਕ ਕਵਿਤਾ ਸੁਣਾਈ ਅਤੇ ਇਨਾਮ ਜਿੱਤਿਆ । ਤੀਸਰੀ ਮਿਸਾਲ ਮੈਂ ਉਸ ਬੱਚੇ ਦੀ ਦੇ ਰਿਹਾ ਹਾਂ ਜੋ ਕਿ ਬਹੁਤ ਗਰੀਬ ਘਰੋਂ ਸੀ । ਸੱਤ ਅੱਠ ਸਾਲ ਦੀ ਉਮਰ ਦਾ ਇਹ ਬੱਚਾ ਜਿਸ ਦਾ ਨਾਮ ਅਲੀ ਅਮਨ ਸੀ, ਕਾਨਫਰੰਸ ਵਾਲੇ ਮਾਰਕਿਊ ਵਿਚ ਇਕ ਨੁਕਰੇ ਖੜ੍ਹਾ ਕਾਨਫਰੰਸ ਵਾਲੇ ਸਮਾਗਮ ਨੂੰ ਇਸ ਤਰਾਂ ਬਿਟਰ ਬਿਟਰ ਦੇਖ ਰਿਹਾ ਸੀ ਜਿਵੇਂ ਉਸ ਦੇ ਵਾਸਤੇ ਇਹ ਕੋਈ ਅਜੂਬਾ ਹੋਵੇ । ਨਜਰੇ ਪੈਂਦਿਆ ਹੀ, ਅਲੀ ਉਸਮਾਨ ਬਾਜਵਾ ਨੇ ਉਸ ਬੱਚੇ ਨੂੰ ਅਵਾਜ ਮਾਰਕੇ ਆਪਣੇ ਕੋਲ ਸੱਦਿਆ ਤੇ ਉਸ ਨੂੰ ਪੁੱਛਿਆ ਕਿ ਕੀ ਉਸ ਨੂੰ ਪੰਜਾਬੀ ਬੋਲਣੀ ਆਉਂਦੀ ਹੈ ? "ਮੈਂ ਤੁਹਾਨੂੰ ਇਕ ਪੰਜਾਬੀ ਗੀਤ ਸੁਣਾ ਸਕਦਾ ਹਾਂ, ਬੱਚੇ ਨੇ ਜਵਾਬ ਦਿੱਤਾ ।" ਜਿਓਂ ਹੀ ਉਸ ਬੱਚੇ ਨੂੰ ਗੀਤ ਸੁਣਾਉਣ ਵਾਸਤੇ ਕਿਹਾ ਗਿਆ ਤਾਂ ਉਸ ਨੇ ਬਿਨਾ ਅਟਕੇ ਸਿੱਧੂ ਮੂਸੇ ਵਾਲੇ ਦਾ ਗੀਤ "ਦਫਾ 295" ਸੁਣਾਉਣਾ ਸ਼ੁਰੂ ਕਰ ਦਿੱਤਾ, ਗਾਇਆ ਵੀ ਬੜੀ ਲੈਅ ਤਾਲ ਵਿਚ ਤੇ ਉਹ ਵੀ ਬਿਨਾ ਭੁੱਲੇ ਸਾਰੇ ਦਾ ਸਾਰਾ ਗੀਤ ਹੀ । ਬਾਜਵਾ ਦੇ ਨਾਲ ਡਾ ? ਦਲਵੀਰ ਸਿੰਘ ਕਥੂਰੀਆ ਵੀ ਸਨ, ਜਿਹਨਾਂ ਨੇ ਉਸ ਬੱਚੇ ਦੀ ਮਾਲੀ ਹੌਂਸਲਾ ਅਫਜਾਈ ਵੀ ਕੀਤੀ । ਜਦੋਂ ਉਸ ਨੂੰ ਇਹ ਪੁੱਛਿਆ ਕਿ ਹੁਣ ਉਹ ਇਨਾਮ ਦੀ ਰਾਸ਼ੀ ਦਾ ਕੀ ਕਰੇਗਾ ਤਾਂ ਬੱਚੇ ਦਾ ਕਹਿਣਾ ਸੀ ਕਿ ਉਹ ਇਹ ਰਾਸ਼ੀ ਆਪਣੇ ਮਾਪਿਆਂ ਦੇ ਦੇਵੇਗਾ ਤਾਂ ਕਿ ਉਹ ਘਰ ਦੇ ਬਿਲ ਅਦਾ ਕਰ ਸਕਣ । ਇਸ ਦੇ ਨਾਲ ਹੀ ਉਸ ਅਲੀ ਅਮਨ ਨਾਮ ਦੇ ਬੱਚੇ ਨੇ ਇਹ ਵਾਅਦਾ ਵੀ ਕੀਤਾ ਕਿ ਉਹ ਅੱਗੋਂ ਤੋਂ ਹਮੇਸ਼ਾ ਪੰਜਾਬੀ ਹੀ ਬੋਲੇਗਾ । ਇਸੇ ਤਰਾਂ ਦੇ ਹੀ ਵਾਅਦੇ ਕਾਨਫਰੰਸ ਵਿਚ ਹਿੱਸਾ ਵੈਣ ਆਏ ਲਾਹੌਰ ਗਰਾਮਰ ਸਕੂਲ ਰਹੀਮ ਸਾਰ ਖਾਨ ਦੇ ਨੰਨੇ ਮੁੰਨੇ ਬੱਚਿਆਂ ਅਤੇ ਬੱਚੀਆਂ ਨੇ ਵੀ ਸਾਡੇ ਨਾਲ ਕੀਤੇ । ਇਹਨਾਂ ਬੱਚਿਆਂ ਦੇ ਉਤਸ਼ਾਹ ਅਤੇ ਉਹਨਾਂ ਵਲੋਂ ਕੀਤੇ ਵਾਅਦਿਆਂ ਨੂੰ ਦੇਖਕੇ ਇਸ ਤਰਾਂ ਲੱਗ ਰਿਹਾ ਸੀ ਕਿ ਇਥੇ ਆਯੋਜਿਤ ਹੋਈ ਪਹਿਲੀ ਕਾਨਫਰੰਸ ਆਪਣੇ ਮਿਸ਼ਨ ਵਿਚ ਪੂਰੀ ਤਰਾਂ ਕਾਮਯਾਬ ਰਹੀ । ਇਹ ਗੱਲ ਬਿਲਕੁਲ ਸਹੀ ਕਿ ਅਕਾਦਮਿਕ ਕਾਨਫਰੰਸਾਂ ਆਪਣੀ ਜਗਾ ਸਹੀ ਹਨ, ਉਹਨਾਂ ਰਾਹੀ ਕੀਤੀ ਗਈ ਚਿੰਤਾ ਅਤੇ ਚਿੰਤਨ ਵਿਚੋਂ ਬਹੁਤ ਸਾਰੇ ਮਸਲਿਆਂ ਦੀਆਂ ਉਲਝੀਆਂ ਤੰਦਾ ਸੁਲਝਾਈਆਂ ਜਾ ਸਕਦੀਆਂ ਹਨ ਤੇ ਚਿੰਤਨ ਮੰਥਨ ਰਾਹੀਂ ਬਹੁਤ ਕੁੱਝ ਸੋਧਿਆ ਵੀ ਜਾ ਸਕਦਾ ਹੈ ਤੇ ਨਵੀਂ ਸਿਰਜਿਆ ਵੀ ਜਾ ਸਕਦਾ ਹੈ, ਪਰ ਮੇਰਾ ਨਿੱਜੀ ਵਿਚਾਰ ਹੈ ਕਿ ਜੇਕਰ ਨਵੀਆਂ ਪੀੜੀਆਂ ਨੂੰ ਵੀ ਨਾਲ ਜੋੜ ਲਿਆ ਜਾਵੇ ਤੇ ਇਹਨਾਂ ਕਾਨਫਰੰਸਾਂ ਦਾ ਹਿੱਸਾ ਬਣਾ ਲਿਆ ਜਾਵੇ ਤਾਂ ਅੱਧਾ ਮਿਸ਼ਨ ਸ਼ੁਰੂ ਵਿਚ ਹੀ ਫਤਿਹ ਹੋ ਜਾਂਦਾ ਹੈ। ਆਸ ਹੈ ਕਿ ਕਾਨਫਰੰਸਾਂ ਦੇ ਪ੍ਰਬੰਧਕ ਇਸ ਪਾਸੇ ਜਰੂਰ ਧਿਆਨ ਦੇਣਗੇ।



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

ਆਵਾਜ਼ਿ ਕੌਮ AWAZE QAUM International Newspaper & WEB TV

## 27 ਫਰਵਰੀ ਨੂੰ ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਜਿਸ ਦਿਨ 6 ਬੱਬਰਾਂ ਇਕੱਠਿਆਂ ਫਾਂਸੀ ਦਿੱਤੀ ਗਈ

ਜਦੋਂ ਮਨੁੱਖ ਵਿਚੋਂ ਅਦਬ ਤੇ ਦਲੇਰੀ ਖਤਮ ਹੋ ਜਾਂਦੀ ਹੈ, ਉਦੋਂ ਮਨੁੱਖਤਾ ਖਤਮ ਹੋ ਜਾਂਦੀ ਹੈ ਲੰਬੀ ਗੁਲਾਮੀ ਤੋਂ ਨਿਜ਼ਾਤ ਪਾਉਣ ਲਈ ਪੰਜਾਬ ਦੀ ਧਰਤੀ ਤੋਂ ਅਨੇਕਾਂ ਲਹਿਰਾਂ ਚੱਲੀਆਂ ਸਮੁੱਚੇ ਹਿੰਦੁਲਤਾਨ ਦੇ ਲੋਕ ਗੁਲਾਮੀ, ਅਨਪੜ੍ਹਤਾ ਅਤੇ ਗਰੀਬੀ ਕਾਰਨ ਸਾਹ-ਸੱਤਹੀਣ ਹੋ ਚੁੱਕੇ ਸਨ੍ਹ ਦੇਸ਼ ਨੂੰ ਯੋਗ ਆਗੂਆਂ ਦੀ ਲੋੜ ਸੀ। ਪੰਜਾਬ ਦੀ ਧਰਤੀ ਨੂੰ ਗੁਰੂ ਸਾਹਿਬਾਨ ਨੇ ਕਰਮਯੋਗੀ ਬਣਕੇ ਅਣਖੀ ਜੀਵਨ ਜਿਉਣ ਦੀ ਗੁੜ੍ਹਤੀ ਦਿੱਤੀ ਹੋਈ ਹੈ੍ਹ ਜਦੋਂ ਅੰਗਰੇਜ਼ੀ ਹਕੂਮਤ ਦੌਰਾਨ ਪੰਜਾਬ ਦੇ ਗੁਰਧਾਮ ਆਯਾਸ਼ ਮਹੰਤਾਂ, ਗੱਦੀਦਾਰਾਂ ਤੇ ਮਤਮੜੀਆਂ ਦੀਆਂ ਆਪਹੁਦਰੀਆਂ ਕਾਰਨ ਅਪਵਿੱਤਰ ਹੋ ਚੁੱਕੇ ਸਨ ਤਾਂ ਸਿੱਖ ਹਿੱਤਾਂ ਲਈ ਜੂਝਣ ਵਾਲੀ ਨਵੀਂ ਬਣੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਿੱਖ ਜਗਤ ਨੇ ਸ਼ਾਂਤਮਈ ਢੰਗ ਨਾਲ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਾਮਿਲ ਹੋਕੇ ਤਸੀਹੇ ਝੱਲਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਨ੍ਹਾਂ ਦਿਨਾਂ ਵਿਚ ਹੀ ਸਿੱਖ ਸ਼ਹਾਦਤਾਂ ਅਤੇ ਗ੍ਰਿਫ਼ਤਾਰੀਆਂ ਦੇ ਦੌਰਾਨ ਅਕਾਲੀਆਂ ਵਿਚੋਂ ਹੀ ਇਕ ਗਰਮ ਦਲ ਤਿਆਰ ਹੋ ਗਿਆ੍ਹ ਇਸ ਲਹਿਰ ਨੂੰ 'ਬੱਬਰ ਅਕਾਲੀ ਦਲ' ਦਾ ਨਾਂਅ ਦਿੱਤਾ ਗਿਆ੍ਹ ਇਨ੍ਹਾਂ ਬੱਬਰ ਅਕਾਲੀਆਂ ਦਾ ਟੀਚਾ ਹਥਿਆਰਬੰਦ ਸੰਘਰਸ਼ ਵਿਚ ਅੰਗਰੇਜ਼ ਅਫ਼ਸਰਾਂ, ਝੋਲੀ ਚੁੱਕ, ਸੂਹੀਆਂ ਨੂੰ ਸਬਕ ਸਿਖਾਉਣਾ ਸੀ। 19 ਅਤੇ 21 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਛੇਤੀ ਪਿੱਛੋਂ ਹੁਸ਼ਿਆਰਪੁਰ ਵਿਖੇ ਸਿੱਖ ਐਜੂਕੇਸ਼ਨ ਕਾਨਫਰੰਸ ਦੌਰਾਨ ਮਾਸਟਰ ਮੋਤਾ ਸਿੰਗ ਪਤਾਰਾ ਅਤੇ ਜਲੰਧਰ ਸ਼ਹਿਰ ਦੀ ਬੁੱਕਲ ਵਿਚ ਵਸੇ ਪਿੰਡ ਬੜਿੰਗ ਦੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਦੀ ਅਗਵਾਈ ਵਿਚ ਇਨ੍ਹਾਂ ਜਾਨ ਤਲੀ ਤੇ ਰੱਖ ਕੇ ਜੂਝਣ ਵਾਲੇ ਗਰਮਦਲੀਏ ਮਰਜੀਵੜਿਆਂ ਦੀ ਇਕ ਖੁਫੀਆ ਮੀਟਿੰਗ ਹੋਈ। ਇਸ ਮੀਟਿੰਗ ਦੌਰਾਨ ਗੁ: ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੇ ਜ਼ਿੰਮੇਵਾਰ ਅਫ਼ਸਰਾਂ ਨੂੰ ਸੋਧਣ ਦਾ ਫੈਸਲਾ ਕੀਤਾ ਗਿਆ੍ਹ ਇਸ ਤੋਂ ਥੋੜ੍ਹੇ ਦਿਨਾਂ ਪਿੱਛੋਂ ਇਨ੍ਹਾਂ ਮਰਜੀਵੜਿਆਂ ਵਿਚੋਂ, ਜਿਨ੍ਹਾਂ ਨੂੰ ਇਹ ਕੰਮ ਸੌਂਪਿਆ ਗਿਆ ਸੀ, 23 ਮਈ 1921 ਨੂੰ ਖੁਫੀਆ ਏਜੰਸੀ ਦੀ ਸੂਹ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ੍ਹ ਇਸ ਦੌਰਾਨ ਮਾਸਟਰ ਮੋਤਾ ਸਿੰਘ ਅਤੇ ਸ. ਕਿਸ਼ਨ ਸਿੰਘ ਗੜਗੱਜ ਰੂਪੋਸ਼ ਹੋ ਗਏ੍ਹ ਇਸ ਗੁਪਤਵਾਸ ਦੌਰਨ ਜਥੇਦਾਰ ਕਿਸ਼ਨ ਸਿੰਘ ਗੜਗੱਜ ਨੇ ਆਪਣਾ ਇਕ ਗੁਪਤ ਜਥਾ ਤਿਆਰ ਕੀਤਾ੍ਹ ਇਸੇ ਦਾ ਨਾਂ 'ਚੱਕਰਵਰਤੀ ਜੱਥਾ' ਰੱਖਿਆ ਗਿਆ। ਇਸ ਜੱਥੇ ਦਾ ਕਮੰ ਪਿੰਡ ਦੇ ਲੋਕਾਂ ਵਿਚ ਅੰਗਰੇਜ਼ ਸ਼ਾਸ਼ਕਾਂ ਵਿਰੁੱਧ ਵਿਦਰੋਹ ਦੀ ਭਾਵਨਾ ਪੈਦਾ ਕਰਨਾ ਸੀ੍ਹ ਹੁਸ਼ਿਆਰਪੁਰ ਵਿਚ ਜਥੇਦਾਰ ਕਰਮ ਸਿੰਘ ਦੌਲਤਪੁਰੀਏ ਨੇ ਵੀ ਇਸੇ ਲੀਹ 'ਤੇ ਚਲਦਿਆਂ ਆਪਣਾ ਜੱਥਾ ਤਿਆਰ ਕੀਤਾ। ਹੁਣ ਜੱਥੇ ਦਾ ਨਾਂ 'ਬੱਬਰ ਅਕਾਲੀ ਜੱਥਾ' ਰੱਖ ਦਿੱਤਾ ਗਿਆ। ਇਸੇ ਦੌਰਾਨ ਅੰਗਰੇਜ਼ ਹਕੂਮਤ ਵਲੋਂ ਬੱਬਰ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਇਨਾਮ ਵੀ ਐਲਾਨੇ ਗਏ। ਸਰਕਾਰ ਦੀ ਸਖ਼ਤੀ ਕਾਰਨ ਅੰਦੋਲਨਕਾਰੀ ਸਿੱਖ ਨੌਜਵਾਨ ਲਈ ਸਖਤੀ ਕਾਰਨ ਅੰਦੋਲਨ ਚਲਾਉਣਾ ਔਖਾ ਹੋ ਰਿਹਾ ਸੀ੍ਹ 1922 ਤੇ 23 ਦੌਰਾਨ ਅਨੇਕਾਂ ਗਦਾਰਾਂ ਤੇ ਸਰਕਾਰ ਪੱਖੀ ਲੋਕਾਂ ਨੂੰ ਸੋਧਿਆ ਗਿਆ੍ਹ ਜੂਨ 1924 ਵਿਚ ਲਾਇਲਪੁਰ (ਪਾਕਿਸਤਾਨ) ਹੁਣ ਫੈਸਲਾਬਾਦ ਜ਼ਿਲ੍ਹੇ ਵਿਚ ਵਰਿਆਮ ਸਿੰਘ ਦੀ ਸ਼ਹਾਦਤ ਪਿੱਛੋਂ ਸਮੁੱਚੇ ਪੰਜਾਬ ਵਿਚੋਂ ਬੱਬਰਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ੍ਹ ਗੁਪਤ ਜਥੇਬੰਦੀ ਹੋਣ ਕਰਕੇ ਇਹ ਸਾਰੇ ਸਿੱਖ ਮਰਿਯਾਦਾ ਦਾ ਪਾਲਣ ਕਰਨ ਵਾਲੇ ਅਤੇ ਨਿਤਨੇਮ ਵਿਚ ਪਰਪੱਕ ਸਨ੍ਹ ਅੰਗਰੇਜ਼ ਸਰਕਾਰ ਮੁਤਾਬਿਕ ਇਨ੍ਹਾਂ ਦੀ ਗਿਣਤੀ ਦੋ ਸੌ ਦੇ ਲੱਗਪਗ ਸੀ੍ਹ ਇਨ੍ਹਾਂ ਦਾ ਕੰਮ ਹਥਿਆਰ ਇਕੱਠੇ ਕਰਕੇ ਫ਼ੌਜੀਆਂ ਨੂੰ ਸਰਕਾਰ ਵਿਰੁੱਧ ਉਕਸਾਉਣ ਅਤੇ ਨੌਜਵਾਨਾਂ ਨੂੰ ਸੰਘਰਸ਼ ਲਈ ਤਿਆਰ ਕਰਨਾ ਸੀ੍ਹ ਇਸ ਜਥੇਬੰਦੀ ਤੋਂ ਅੰਗਰੇਜ਼ ਹਕੂਮਤ ਇੰਨਾ ਘਬਰਾਈ ਸੀ ਕਿ ਪੁਲਿਸ ਦੀ ਮੱਦਦ ਲਈ ਫੌਜ ਵੀ ਤਾਇਨਾਤ ਕੀਤੀ ਗਈ੍ਹ ਸਰਕਾਰ ਨੇ ਸਖਤੀ ਦਾ ਦੌਰ ਸ਼ੁਰੂ ਕੀਤਾ੍ਹ 98 ਬੱਬਰ ਅਕਾਲੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ੍ਹ ਲਾਹੌਰ ਸੈਂਟਰਲ ਜੇਲ੍ਹ ਵਿਚ ਮੁਕੱਦਮਾ ਸ਼ੁਰੂ ਹੋਇਆ੍ਹ ਦੋ ਤਫਤਸ਼ ਦੌਰਾਨ ਸ਼ਹੀਦ ਹੋ ਗਏ੍ਹ ਬਾਕੀਆਂ ਨੂੰਨੂੰ ਸੈਸ਼ਨ ਸਪੁੱਰਦ ਕੀਤਾ ਗਿਆ੍ਹ 28 ਫਰਵਰੀ 1925 ਨੂੰ ਫੈਸਲਾ ਹੋਇਆ 34 ਬੱਬਰਾਂ ਨੂੰ ਛੱਡ ਦਿੱਤਾ ਗਿਆ੍ਹ 49 ਨੂੰ ਉਮਰ ਕੈਦ ਤੇ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। 6 ਬੱਬਰ ਅਕਾਲੀਆਂ ਨੂੰ 27 ਫਰਵਰੀ, 1926 ਫਾਂਸੀ ਦੇ ਫੰਦੇ 'ਤੇ ਲਟਕਾਇਆ ਗਿਆ। ਇਨ੍ਹਾਂ ਸ਼ਹਾਦਤ ਦਾ ਜਾਮ ਪੀਣ ਵਾਲਿਆਂ ਵਿਚ ਜਥੇਦਾਰ ਕਿਸ਼ਨ ਸਿੰਘ ਗੜਗੱਜ, ਬਾਬੂ ਸੰਤਾ ਸਿੰਘ ਛੋਟੀ ਹਰਿਓ, ਭਾਈ ਦਲੀਪ ਸਿੰਘ ਧਾਮੀਆਂ, ਭਾਈ ਕਰਮ ਸਿੰਘ ਹਰੀਪੁਰ, ਭਾਈ ਨੰਦ ਸਿੰਘ ਘੁੜਿਆਲ, ਭਾਈ ਧਰਮ ਸਿੰਘ ਹਯਾਤਪੁਰ ਸ਼ਾਮਲ ਸਨ੍ਹ ਇਨ੍ਹਾਂ ਮਹਾਨ ਮਰਜੀਵੜਿਆਂ ਨੇ ਆਪਣੀ ਕੁਰਬਾਨੀ ਦੇ ਕੇ ਅੰਗਰੇਜ਼ ਸਰਕਾਰ ਵਿਰੁੱਧ ਚਲ ਰਹੇ ਸੰਘਰਸ਼ ਵਿਚ ਆਪਣੀਆਂ ਜਵਾਨੀਆਂ ਦੀ ਅਹੁੱਤੀ ਦਿੱਤੀ। ਇਨ੍ਹਾਂ ਮਹਾਨ ਸ਼ਹੀਦਾਂ ਦਾ ਸੰਸਕਾਰ ਲਾਹੌਰ ਵਿਖੇ ਰਾਵੀ ਦਰਿਆ ਦੇ ਕਿਨਾਰੇ ਕੀਤਾ ਗਿਆ। ਇਨ੍ਹਾਂ ਕੌਮੀ ਸ਼ਹੀਦਾਂ ਨੂੰ ਪ੍ਰਣਾਮ।



-ਭਗਵਾਨ ਸਿੰਘ ਜੌਹਲ
bhagwansinghjohal@gmail.com

ਆਵਾਜ਼ਿ ਕੌਮ AWAZE QAUM International Newspaper & WEB TV

# ਸੀਬੀਐਸਈ ਬੋਰਡ ਇਮਤਿਹਾਨਾਂ ਵਿਚ ਪੰਜਾਬੀ ਭਾਸ਼ਾ ਪਾਠਕ੍ਰਮ ਦਾ ਅਤੁੱਟ ਹਿਸਾ: ਮਲਕੀਤ ਸਿੰਘ ਬੱਲ



**ਚੌਕ ਮਹਿਤਾ, 26 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਾਲ ਹੀ ਵਿੱਚ ਸੀਬੀਐਸਈ ਬੋਰਡ ਇਮਤਿਹਾਨਾਂ ਵਿੱਚੋਂ ਪੰਜਾਬੀ ਭਾਸ਼ਾ ਨੂੰ ਹਟਾਏ ਜਾਣ ਬਾਰੇ ਕੁਝ ਅਫਵਾਹਾਂ ਸੋਸ਼ਲ ਮੀਡੀਆ, ਖਾਸ ਕਰਕੇ ਟਵਿੱਟਰ 'ਤੇ ਫੈਲ ਰਹੀਆਂ ਹਨ ਇਹਨਾ ਸ਼ਬਦਾ ਦਾ ਪ੍ਰਗਟਾਵਾ ਮਲਕੀਤ ਸਿੰਘ ਬੱਲ ਚੇਅਰਮੈਨ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਨੇ ਪੱਤਰਕਾਰਾ ਨਾਲ ਗੱਲਬਾਤ ਦੌਰਾਨ ਸਾਂਝਾ ਕੀਤਾ ਉਨ੍ਹਾਂ ਕਿਹਾ ਕਿ ਅਸੀਂ ਇਹ ਮਾਮਲਾ ਸੀਬੀਐਸਈ ਨਾਲ ਸਿੱਧਾ ਜਾਂਚਿਆ ਹੈ ਅਤੇ ਅਧਿਕਾਰਤ ਤੌਰ 'ਤੇ ਪੁਸ਼ਟੀ ਕੀਤੀ ਗਈ ਹੈ ਕਿ ਵਿਸ਼ਿਆਂ ਵਿੱਚ ਕੋਈ ਬਦਲਾਵ ਨਹੀਂ ਕੀਤਾ ਗਿਆ। ਪੰਜਾਬੀ, ਬਾਕੀ ਸਾਰੇ ਮੌਜੂਦਾ ਵਿਸ਼ਿਆਂ ਵਾਂਗ, ਆਉਣ ਵਾਲੀਆਂ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਮੌਜੂਦ ਰਹੇਗੀ ਅਸੀਂ ਵਿਦਿਆਰਥੀਆਂ, ਮਾਪਿਆਂ ਅਤੇ ਸਾਰੇ ਭਾਈਚਾਰੇ ਨੂੰ ਅਪੀਲ ਕਰਦੇ ਹਾਂ ਕਿ ਝੂਠੀ ਜਾਣਕਾਰੀ 'ਤੇ ਵਿਸ਼ਵਾਸ ਨਾ ਕਰਨ ਅਤੇ ਕੇਵਲ ਸੀਬੀਐਸਈ ਦੀਆਂ ਅਧਿਕਾਰਤ ਨੋਟਿਸਾਂ 'ਤੇ ਹੀ ਭਰੋਸਾ ਕਰਨ। ਬੋਰਡ ਨੇ ਖੁਦ ਇਹ ਸਪਸ਼ਟ ਕੀਤਾ ਹੈ ਕਿ ਪੰਜਾਬੀ ਭਾਸ਼ਾ ਪਾਠਕ੍ਰਮ ਦਾ ਇੱਕ ਅਤੁੱਟ ਹਿੱਸਾ ਬਣੀ ਰਹੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਸਰਕਾਰ ਵੱਲੋਂ ਧੂਰੀ ਹਲਕੇ ਦੇ ਪਿੰਡਾਂ ਦੀ ਨੁਹਾਰ ਨੂੰ ਸੰਵਾਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ - ਸੁਖਵੀਰ ਸਿੰਘ ਸੁੱਖੀ



ਧੂਰੀ / ਸੰਗਰੂਰ ( ਰਣਜੀਤ ਸਿੰਘ ਧੇਧਨੀ )-ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਿਧਾਨ ਸਭਾ ਹਲਕਾ ਧੂਰੀ ਅਧੀਨ ਆਉਂਦੇ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਿਆਪਕ ਪੱਧਰ 'ਤੇ ਉਪਰਾਲੇ ਚੱਲ ਰਹੇ ਹਨ। ਅੱਜ ਮੁੱਖ ਮੰਤਰੀ ਪੰਜਾਬ ਦੇ ਓ.ਐਸ.ਡੀ ਸੁਖਵੀਰ ਸਿੰਘ ਸੁੱਖੀ, ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਪੰਜਾਬ ਉਦਯੋਗ ਨਿਗਮ ਦੇ ਚੇਅਰਮੈਨ ਦਲਬੀਰ ਸਿੰਘ ਢਿੱਲੋ, ਅਤੇ ਸੀ.ਐਮ ਫੀਲਡ ਅਫਸਰ ਡਾ. ਕਰਮਜੀਤ ਸਿੰਘ ਵੱਲੋਂ ਪਿੰਡ ਕਾਤਰੋਂ ਵਿਖੇ ਕੀਤੀ ਗਈ ਇੱਕ ਮੀਟਿੰਗ ਦੌਰਾਨ ਹਲਕੇ ਦੇ ਲਗਭਗ ਇੱਕ ਦਰਜਨ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਖਚੈਨ ਸਿੰਘ ਪਾਪੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਪਿੰਡਾਂ ਦੇ ਵਸਨੀਕਾਂ ਨੂੰ ਬੁਨਿਆਦੀ ਸੁਵਿਧਾਵਾਂ ਅਤੇ ਸਰਵੋਤਮ ਪ੍ਰਸ਼ਾਸਨਿਕ ਸੇਵਾਵਾਂ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਸਰਗਰਮ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਹਨਾਂ ਦੱਸਿਆ ਕਿ ਪਿੰਡਾਂ ਵਿੱਚ ਲੋਕਾਂ ਦੀ ਜਰੂਰਤ ਮੁਤਾਬਕ ਗਲੀਆਂ ਨਾਲੀਆਂ ਬਣਾਉਣ ਦੇ ਨਾਲ ਨਾਲ ਧਰਮਸ਼ਾਲਾਵਾਂ ਦੇ ਨਿਰਮਾਣ, ਖੇਡ ਸਟੇਡੀਅਮ, ਪਾਰਕ, ਲਾਇਬ੍ਰੇਰੀਆਂ, ਸੋਲਰ ਲਾਈਟਾਂ, ਸਵੈ ਰੁਜ਼ਗਾਰ ਨੂੰ ਉਤਸ਼ਾਹਿਤ ਕਰਨ, ਸਿਹਤ ਸੁਵਿਧਾਵਾਂ, ਵਿੱਤੀ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਬੈਂਕਾਂ ਰਾਹੀਂ ਕਰਜ਼ਾ ਦਿਵਾਉਣ, ਸੁੱਕਾ ਕੂੜਾ ਅਤੇ ਗਿੱਲਾ ਕੂੜਾ ਵੱਖ-ਵੱਖ ਇਕੱਤਰ ਕਰਨ, ਲਿੰਕ ਸੜਕਾਂ ਦੀ ਮੁਰੰਮਤ , ਨਿਰਵਿਘਨ ਬਿਜਲੀ ਸਪਲਾਈ, ਖੇਤਾਂ ਤੱਕ ਨਹਿਰੀ ਪਾਣੀ ਦੀ ਸਪਲਾਈ ਆਦਿ ਸਮੇਤ ਹਰ ਜਰੂਰਤ ਨੂੰ ਪੂਰਾ ਕਰਨ ਲਈ ਯੋਜਨਾਬੱਧ ਉਪਰਾਲੇ ਜਾਰੀ ਹਨ। ਮੀਟਿੰਗ ਦੌਰਾਨ ਓਐਸਡੀ ਸੁਖਵੀਰ ਸਿੰਘ ਸੁੱਖੀ ਨੇ ਸਮੂਹ ਵਿਭਾਗਾਂ ਅਤੇ ਕਾਰਜਕਾਰੀ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਨਿਰਧਾਰਿਤ ਕੀਤੇ ਗਏ ਟੀਚਿਆਂ ਨੂੰ ਨਿਰਧਾਰਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇ। ਉਹਨਾਂ ਕਿਹਾ ਕਿ ਅਧਿਕਾਰੀ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਢੁਕਵਾਂ ਹੱਲ ਕਰਨ ਲਈ ਲਗਾਤਾਰ ਸਰਗਰਮ ਰਹਿਣ। ਮੀਟਿੰਗ ਦੌਰਾਨ ਹਲਕਾ ਧੂਰੀ ਨਾਲ ਸੰਬੰਧਿਤ ਵੱਖ-ਵੱਖ ਵਿਭਾਗਾਂ ਦੇ ਮੁਖੀ, ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਕਾਰਜ ਸਾਧਕ ਅਫਸਰ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪੀੜਤਾਂ ਨੂੰ ਸਰਕਾਰਾਂ ਨੇ ਨਹੀਂ ਰੱਬ ਨੇ ਦਿੱਤਾ ਇਨਸਾਫ

## ਸਿੱਖ ਕੌਮ ਅਤੇ ਪੀੜਤਾਂ ਦੇ ਜਖਮਾਂ ਤੇ ਕੁਝ ਮਲਮ ਲੱਗੀ—ਭਾਈ ਜ਼ਸਪਾਲ ਸਿੰਘ

ਫ਼ਿਰੋਜ਼ਪੁਰ, 26 ਫਰਵਰੀ (ਮਨੋਹਰ ਲਾਲ) :— 1984 ਵਿਚ ਦਿੱਲੀ ਅਤੇ ਕਈ ਹੋਰ ਸ਼ਹਿਰਾਂ ਵਿਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਭੜਕੀ ਹਿੰਸਾ ਵਿਚ ਜ਼ੋ ਸਿੱਖ ਕੌਮ ਦੀ ਨਸਲਕੁਸੀ ਹੋਈ ਸੀ, ਉਦੋਂ ਤੋਂ ਹੀ ਇਸ ਨਸਲਕੁਸੀ ਲਈ ਕਾਂਗਰਸ ਦੇ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਪੀੜਤਾਂ ਵੱਲੋਂ ਜ਼ੁੰਮੇਵਾਰ ਸਮਝਿਆ ਜਾ ਰਿਹਾ ਸੀ, ਪਰ ਸਰਕਾਰ ਇਸ ਸੰਸਦ ਮੈਂਬਰ ਦਾ ਹਮੇਸ਼ਾ ਬਚਾਅ ਕਰਦੀ ਆ ਰਹੀ ਸੀ, ਪਰ ਪੀੜਤਾਂ ਅਤੇ ਸਿੱਖ ਕੌਮ ਨੇ ਸਰਕਾਰਾਂ ਤੋਂ ਨਰਾਜ਼ ਹੋ ਕੇ ਪ੍ਰਮਾਤਮਾ ਦਾ ਓਟ ਆਸਰਾ ਤੱਕਿਆ ਤੇ 41 ਸਾਲ ਬਾਅਦ ਦਿੱਲੀ ਦੀ ਇਕ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਜ਼ੋ ਦੂਹਰੀ ਉਮਰ ਕੈਦ ਦੀ ਸਜਾ ਹੋਈ ਹੈ, ਉਸ ਤੇ ਆਪਣੀ ਪ੍ਰਤਿਕ੍ਰਿਆ ਪਰਗਟ ਕਰਦੇ ਹੋਏ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ ਤੇ ਸਾਥੀਆਂ ਨੇ ਕਿਹਾ ਕਿ ਇਸ ਫੈਸਲੇ ਨਾਲ ਪੀੜਤਾਂ ਅਤੇ ਸਿੱਖ ਕੌਮ ਨੂੰ ਸਰਕਾਰਾਂ ਨੇ ਨਹੀਂ ਰੱਬ ਨੇ ਇਨਸਾਫ ਦਿੱਤਾ ਕਰਾਰ ਦਿੱਤਾ ਹੈ। ਉਪਰੋਕਤ ਆਗੂਆਂ ਨੇ ਕਿਹਾ ਕਿ 41 ਸਾਲ ਬਾਅਦ ਆਏ ਇਸ ਫੈਸਲੇ ਨਾਲ ਪੀੜਤਾਂ ਅਤੇ ਸਿੱਖ ਕੌਮ ਦੇ ਜਖਮਾਂ ਕੁਝ ਮੁਲਮ ਜ਼ਰੂਰ ਲੱਗੀ ਹੈ, ਪਰ ਇਸ ਦੋਸ਼ੀ ਨੂੰ ਫਾਂਸੀ ਦੀ ਸਜਾ ਮਿਲਣੀ ਚਾਹੀਦੀ ਸੀ, ਜਿਸ ਨਾਲ ਵਲੂੰਧਰੇ ਹਿਰਦੇ ਸ਼ਾਂਤ ਹੋ ਸਕਦੇ। ਫੈਡਰੇਸ਼ਨ ਆਗੂਆਂ ਨੇ ਅਦਾਲਤ ਦਾ ਇਸ ਦਲੇਰਾਨਾ ਫੈਸਲੇ ਤੇ ਕੁਝ ਸੰਤੁਸ਼ਟੀ ਵੀ ਪ੍ਰਗਟਾਈ ਅਤੇ ਆਸ ਕੀਤੀ ਕਿ ਅੱਗੇ ਤੋਂ ਵੀ ਅਜਿਹੇ ਨਿਰਪੱਖ ਫੈਸਲੇ ਹੁੰਦੇ ਰਹਿਣਗੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ ਲਾਡਾ, ਜ਼ਸਬੀਰ ਸਿੰਘ ਤੇਗਾ ਸਿੰਘ ਵਾਲਾ ਆਦਿ ਹਾਜ਼ਰ ਸਨ।



## ਪਿੰਡ ਵਡਾਲਾ ਜੋਹਲ ਵਿਖੇ

# ਸਲਾਨਾ ਜੋੜ ਮੇਲਾ ਅਤੇ ਗੁਰਮਤਿ ਸਮਾਗਮ ਮਨਾਇਆ ਗਿਆ

### ਬਾਬਾ ਚਮਕੌਰ ਸਿੰਘ ਜੀ ਨੇ ਆਏ ਹੋਏ ਸੰਤਾਂ ਮਹਾਪੁਰਸ਼ਾਂ ਨੂੰ ਸਿਰਪਾਓ ਦੁਸ਼ਾਲੇ ਦੇ ਕੇ ਸਨਮਾਨਿਤ ਕੀਤਾ











**ਚੌਕ ਮਹਿਤਾ 26 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿੰਡ ਵਡਾਲਾ ਜੋਹਲ ਵੱਡਾ ਗੁਰਦੁਆਰਾ ਸਾਹਿਬ ਬਾਬੇ ਸਹੀਦਾਂ, ਚੜਦੀ ਪੱਤੀ ਵਿੱਖੇ ਧੰਨ ਧੰਨ ਅਮਰ ਅਨੋਖੇ ਸਹੀਦ ਬਾਬਾ ਦੀਪ ਸਿੰਘ ਜੀ ਅਤੇ ਸਮੂਹ ਸਹੀਦਾਂ ਨੂੰ ਸਮਰਪਿਤ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਖੁੱਲੇ ਪੰਡਾਲਾ ਵਿੱਚ ਦੀਵਾਨ ਸਜਿਆ ਅਤੇ ਸੱਚਖੰਡ ਵਾਸੀ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦੀ ਮਿੱਠੀ ਯਾਦ ਵਿੱਚ ਸਲਾਨਾ ਸਮਾਗਮ ਪਿੰਡ ਅਤੇ ਇਲਾਕੇ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਜਿਸ ਵਿੱਚ ਸਿੱਖ ਪੰਥ ਦੇ ਮਹਾਨ ਕੀਰਤਨੇ, ਕਥਾਵਾਚਕ, ਢਾਡੀ ਜਥੇ ,ਪਰਚਾਰਕ ਕਵੀਸਰੀ ਜਥਿਆ ਨੇ ਗੁਰਮੱਤ ਵਿਚਾਰਾਂ ਦੀ ਸਾਂਝ ਪਾਈ। ਇਸ ਸਮਾਗਮ ਦੇ ਮੁੱਖੀ ਬਾਬਾ ਚਮਕੌਰ ਸਿੰਘ ਜੀ ਅਤੇ ਗਿਆਨੀ ਹਰਪ੍ਰੀਤ ਸਿੰਘ ਵਡਾਲਾ ਨੇ ਆਏ ਹੋਏ ਜਥਿਆ ਨੂੰ ਸਿਰਪਾਉ ਦੇਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸੰਤਾ ਮਹਾਪੁਰਸ਼ਾ ਨਿਹੰਗ ਸਿੰਘਾ ਰਾਜਨੀਤਕ ਅਤੇ ਐਨ ਆਰ ਆਈ ਸੰਗਤਾਂ ਨੇ ਹਾਜਰੀਆ ਭਰੀਆ। ਅਤੇ ਬਾਬਾ ਚਮਕੌਰ ਸਿੰਘ ਜੀ ਨੇ ਆਇ ਹੋਏ ਸੰਤਾਂ ਮਹਾਪੁਰਸ਼ਾ ਨੂੰ ਸਿਰਪਾਉ ਦੁਸਾਲੇ ਦੇਕੇ ਸਨਮਾਨਿਤ ਕੀਤਾ ਗਿਆ ਗੁਰੂ ਜੀ ਦੇ ਲੰਗਰ ਆਟੁਤ ਵਰਤੇ ।

ਆਵਾਜ਼ਿ ਕੌਮ AWAZE QAUM International Newspaper & WEB TV



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸਰਬੱਤ ਦੇ ਭਲੇ ਲਈ ਕਰਵਾਏ ਜਾਪ





ਫ਼ਿਰੋਜ਼ਪੁਰ, 26 ਫਰਵਰੀ (ਮਨੋਹਰ ਲਾਲ) :— ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਗੁਰੂ ਰਾਮਦਾਸਪੁਰੀ ਅਰਮਾਨਪੁਰਾ (ਆਸਲ) ਵਿਖੇ ਸਰਬੱਤ ਦੇ ਭਲੇ ਲਈ 21ਵੇਂ ਜਾਪ ਦੀ ਆਰੰਭਤਾ ਮਿਤੀ 16 ਫਰਵਰੀ (5 ਫੱਗਣ) ਦਿਨ ਬੁੱਧਵਾਰ ਨੂੰ ਬਾਬਾ ਚਰਨਦਾਸ ਜੀ ਦੇ ਜਨਮ ਦਿਨ ਤੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਤੀ ਗਈ। ਇਸ ਮੌਕੇ ਖੁੱਲੇ ਪੰਡਾਲ ਵਿਚ ਦੀਵਾਨ ਸਜਾਏ ਗਏ, ਜਿਨ੍ਹਾਂ ਵਿਚ ਕਥਾ ਵਾਚਕ ਅਤੇ ਰਾਗੀ ਸਿੰਘਾਂ ਨੇ ਸੰਗਤਾਂ ਨੂੰ ਕਥਾ ਵਿਚਾਰਾਂ ਅਤੇ ਕੀਰਤਨ ਨਾਲ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਗੁਰੂ ਰਾਮਦਾਸਪੁਰੀ ਦੇ ਮੁੱਖ ਸੇਵਾਦਾਰ ਭਗਤ ਬਾਬਾ ਮਿਲਖਾ ਸਿੰਘ ਨੇ ਸਰਬੱਤ ਦੇ ਭਲੇ ਅਤੇ ਕਿਸਾਨਾਂ ਦੀ ਕਿਸਾਨੀ ਸੰਘਰਸ਼ ਵਿਚ ਫਤਹਿ ਹੋਣ ਲਈ ਅਰਦਾਸ ਬੇਨਤੀ ਕੀਤੀ। ਬਾਬਾ ਜੀ ਨੇ ਕਿਹਾ ਕਿ ਜ਼ੋ ਸਮਾਜ ਵਿਚ ਨਸ਼ੇ ਦੀ ਭੈੜੀ ਬਿਮਾਰੀ ਚੱਲ ਰਹੀ ਹੈ, ਸਾਨੂੰ ਸਾਰਿਆਂ ਨੂੰ ਉਸ ਤੋਂ ਦੂਰ ਰਹਿਣਾ ਚਾਹੀਦਾ ਹੈ। ਬਾਬਾ ਜੀ ਨੇ ਪਹੁੰਚੀ ਸਾਧ ਸੰਗਤ ਨੂੰ ਗੁਰੂ ਦੇ ਲੜ ਲੱਗਣ ਅਤੇ ਅੰਮ੍ਰਿਤ ਛਕਣ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਗੁਰਦੁਆਰਾ ਗੁਰੂ ਰਾਮਦਾਸਪੁਰੀ ਅਰਮਾਨਪੁਰਾ (ਆਸਲ) ਵਿਖੇ 5 ਮਾਰਚ ਦਿਨ ਬੁੱਧਵਾਰ ਨੂੰ ਹਰ ਸਾਲ ਦੀ ਤਰ੍ਹਾਂ 13 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਆਨੰਦ ਕਾਰਜ ਕਰਵਾਏ ਜਾਣਗੇ। ਬਾਬਾ ਜੀ ਨੇ ਜਾਪ ਵਿਚ ਸ਼ਾਮਲ ਹੋਣ ਵਾਲੀਆਂ ਦੂਰੋ—ਨੇੜਿਓ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ, ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

### ਜੀ.ਜੀ.ਐਸ. ਵਰਲਡ ਸਕੂਲ ਵਿੱਚ

# ਸਲਾਨਾ ਸਮਾਗਮ ਧੂਮ-ਧਾਮ ਨਾਲ ਮਨਾਇਆ




ਫ਼ਿਰੋਜ਼ਪੁਰ, 26 ਫਰਵਰੀ (ਮਨੋਹਰ ਲਾਲ) :— ਜੀ.ਜੀ.ਐਸ ਵਰਡ ਸਕੂਲ ਮੱਲਾਂਵਾਲਾ ਵਿਖੇ ਹਰ ਸਾਲ ਦੀ ਤਰ੍ਹਾਂ ਸਕੈਂਟਲਾ ਸਲਾਨਾ ਸਮਾਗਮ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਫਿਰੋਜ਼ਪੁਰ ਸ਼ਹਿਰੀ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਸ਼ਿਰਕਤ ਕੀਤੀ, ਜ਼ਦੋਂ ਕਿ ਮਹਿਮਾਨ ਦੇ ਰੂਪ ਵਿੱਚ ਨਇਬ ਤਹਿਸੀਲਦਾਰ ਜੀਰਾ ਚਰਨਜੀਤ ਸਿੰਘ ਅਤੇ ਪ੍ਰਧਾਨ ਮੱਲਾਂਵਾਲਾ ਮਿਊਨਸੀਪਲ ਕਮੇਟੀ ਮਹਾਂਵੀਰ ਸਿੰਘ ਨੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਮਿਊਸੀਂਪਲ ਕਮੇਟੀ ਮੱਲਾਂਵਾਲਾ ਦੇ ਐਮ.ਸੀ. ਸਾਹਿਬਾਨ ਅਤੇ ਵੱਖ—ਵੱਖ ਪਿੰਡਾਂ ਤੋਂ ਪਹੁੰਚੇ ਹੋਏ ਸਰਪੰਚ ਅਤੇ ਨੰਬਰਦਾਰ ਸਾਹਿਬਾਨ ਵੀ ਵੱਡੀ ਗਿਣਤੀ ਵਿਚ ਪਹੁੰਚੇ।

ਸੰਸਥਾਪਕ ਮਹਿੰਦਰ ਸਿੰਘ ਵਿਰਕ ਨੇ ਸ਼ਮਾ ਰੌਸ਼ਨ ਕਰਕੇ ਸਮਾਗਮ ਦਾ ਆਗਾਜ਼ ਕੀਤਾ, ਉਪਰੰਤ ਬੱਚਿਆਂ ਵੱਲੋਂ ਰਸ ਭਿੰਨੀ ਆਵਾਜ਼ ਵਿੱਚ ਸ਼ਬਦ ਗਾਇਨ ਅਤੇ ਕਵੀਸ਼ਰੀ ਦਾ ਗਾਇਨ ਕੀਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉੱਤਮ ਰਚਨਾ ਜਫਰਨਾਮਾ ਫਾਰਸੀ ਵਿੱਚ ਗਾਇਨ ਕਰਕੇ ਬੱਚਿਆਂ ਨੇ ਸਭ ਨੂੰ ਅਚੰਭਤ ਕਰ ਦਿੱਤਾ। ਪੰਜਾਬੀਆਂ ਦੇ ਵਿਦੇਸ਼ ਵਿੱਚ ਵੱਸ ਜਾਣ ਕਾਰਨ ਪੇਸ਼ ਆਉਂਦੀਆਂ ਮੁਸ਼ਕਲਾਂ ਬਾਰੇ ਪੇਸ਼ਕਾਰੀ, ਬੱਚਿਆਂ ਨੂੰ ਸਖਤ ਮਿਹਨਤ ਦੇ ਉਦੇਸ਼ ਨਾਲ ਭਰਪੂਰ ਨਾਟਕ, ਜਵਾਨਾਂ ਅਤੇ ਕਿਸਾਨਾਂ ਨੂੰ ਯਾਦ ਕਰਦੀ ਪੇਸ਼ਕਾਰੀ ਬੱਚਿਆਂ ਵੱਲੋਂ ਬੜੇ ਮਨਮੋਹਕ ਅੰਦਾਜ਼ ਵਿੱਚ ਪੇਸ਼ ਕੀਤੀ ਗਈ। ਇਸ ਦੌਰਾਨ ਬੱਚਿਆਂ ਵੱਲੋਂ ਗੁਰਮੁੱਖੀ ਦੀ ਮਹੱਤਤਾ ਨੂੰ ਦਰਸਾਉਂਦੀ ਪੇਸ਼ਕਾਰੀ, ਵੈਸਟਰਨ ਡਾਂਸ, ਲੋਕ ਗੀਤ, ਗਿੱਧਾ ਅਤੇ ਭੰਗੜਾ ਸਰੋਤਿਆਂ ਨੂੰ ਮੰਤਰ ਮੁਗਧ ਕਰ ਗਿਆ।

ਮੁੱਖ ਮਹਿਮਾਨ ਰਣਬੀਰ ਸਿੰਘ ਭੁੱਲਰ ਵੱਲੋਂ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ ਅਤੇ ਦਸਵੀਂ ਜਮਾਤ ਵਿੱਚ ਸ਼ਾਨਦਾਰ ਨਤੀਜਾ ਪੇਸ਼ ਕਰਨ ਵਾਲੇ ਬੱਚਿਆਂ ਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ। ਸ੍ਰੀ ਚਰਨਜੀਤ ਸਿੰਘ ਵੱਲੋਂ ਬੱਚਿਆਂ ਨੂੰ ਵਿੱਦਿਆ ਦੇ ਨਾਲ—ਨਾਲ ਇੱਕ ਚੰਗੇ ਇਨਸਾਨ ਬਣਨ ਦੇ ਗੁਣਾਂ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ ਅਤੇ ਬੱਚਿਆਂ ਦੀ ਵਧੀਆ ਪੇਸ਼ਕਾਰੀ ਲਈ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਸੀ.ਈ.ਓ ਮਨਜੀਤ ਸਿੰਘ ਵਿਰਕ ਅਤੇ ਚੇਅਰਮੈਨ ਇੰਦਰਜੀਤ ਸਿੰਘ ਵਿਰਕ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਇਸ ਸਮਾਗਮ ਵਿਚ ਮੈਨੇਜਮੈਂਟ ਮੈਂਬਰ ਪਰਮਜੀਤ ਕੌਰ ਅਤੇ ਗੁਰਜੀਤ ਕੌਰ ਵੱਲੋਂ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਬੱਚਿਆਂ ਦੇ ਮਾਪਿਆਂ ਦਾ ਧੰਨਵਾਦ ਕੀਤਾ ਗਿਆ। ਪ੍ਰਿੰਸੀਪਲ ਮੈਡਮ ਪਿੰਕੀ ਨਰੂਲਾ ਵੱਲੋਂ ਸਲਾਨਾ ਰਿਪੋਰਟ ਪੜ੍ਹੀ ਗਈ ਅਤੇ ਭਵਿੱਖ ਵਿੱਚ ਬੱਚਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਉਲੇਖ ਕੀਤਾ ਗਿਆ। ਇਸ ਤਰ੍ਹਾਂ ਸਕੂਲ ਦਾ ਸਲਾਨਾ ਸਮਾਗਮ ਅਮਿਟ ਯਾਦਾਂ ਛੱਡਦਾ ਹੋਇਆ ਯਾਦਗਾਰੀ ਹੋ ਨਿਬੜਿਆ।

# ਨੌਜਵਾਨ ਆਗੂ ਗੁਰਬਾਗ ਸਿੰਘ ਸੰਧੂ ਫਿਰੋਜ਼ਪੁਰ ਬਲਾਕ ਦੇ ਹਲਕਾ ਦਿਹਾਤੀ ਦੇ ਪਿੰਡਾਂ ਦਾ ਪ੍ਰਧਾਨ ਨਿਯੁਕਤ



ਫ਼ਿਰੋਜ਼ਪੁਰ, 26 ਫਰਵਰੀ (ਮਨੋਹਰ ਲਾਲ) :— ਹਲਕਾ ਦਿਹਾਤੀ ਦੇ ਬਲਾਕ ਫਿਰੋਜ਼ਪੁਰ ਅਧੀਨ ਆਉਂਦੇ 44 ਪਿੰਡਾਂ ਦੇ ਸਰਪੰਚਾਂ ਨਾਲ ਵਿਧਾਇਕ ਰਜਨੀਸ਼ ਕੁਮਾਰ ਦਹੀਆ ਵੱਲੋਂ ਮੀਟਿੰਗ ਕੀਤੀ ਗਈ। ਇਸ ਦੌਰਾਨ ਸਰਵਸੰਮਤੀ ਨਾਲ ਨੌਜਵਾਨ ਆਗੂ ਗੁਰਬਾਗ ਸਿੰਘ ਸੰਧੂ ਨੂਰਪੁਰ ਸੇਠਾਂ ਨੂੰ ਸਮੂਹ ਪਿੰਡਾਂ ਦੇ ਸਰਪੰਚਾਂ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਦੌਰਾਨ ਗੱਲਬਾਤ ਕਰਦੇ ਗੁਰਬਾਗ ਸਿੰਘ ਸੰਧੂ ਨੇ ਫਿਰੋਜ਼ਪੁਰ ਬਲਾਕ ਦੇ 44 ਪਿੰਡਾਂ ਦਾ ਪ੍ਰਧਾਨ ਨਿਯੁਕਤ ਕਰਨ ਤੇ ਰਜਨੀਸ਼ ਕੁਮਾਰ ਦਹੀਆ ਅਤੇ ਸਮੂਹ ਆਮ ਆਦਮੀ ਪਾਰਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਹਲਕੇ ਅਧੀਨ ਆਉਂਦੇ ਸਰਪੰਚਾਂ ਨੂੰ ਸਰਕਾਰੇ ਦਰਬਾਰੇ ਕਿਸੇ ਤਰ੍ਹਾਂ ਦੀ ਮੁਸ਼ਿਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਉਹ ਯਤਨਸ਼ੀਲ ਰਹਿਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ—ਨਿਰਦੇਸ਼ਾਂ ਅਨੁਸਾਰ ਹਲਕਾ ਫਿਰੋਜਪੁਰ ਦਿਹਾਤੀ ਦੇ ਵਿਧਾਇਕ ਰਜਨੀਸ਼ ਕੁਮਾਰ ਦਹੀਆ ਵੱਲੋਂ ਜੋ ਜਿੰਮੇਵਾਰੀ ਸੌਂਪੀ ਗਈ ਹੈ, ਉਹ ਉਸਨੂੰ ਬਾਖੂਬੀ ਨਿਭਾਉਣਗੇ। ਸਰਪੰਚਾਂ ਦੀਆਂ ਮੰਗਾਂ ਨੂੰ ਸਮੇਂ—ਸਮੇਂ ਤੇ ਉਹ ਸਬੰਧਤ ਅਧਿਕਾਰੀਆਂ ਅਤੇ ਚੁਣੇ ਹੋਏ ਨੁਮਾਇੰਦਿਆਂ ਅੱਗੇ ਰੱਖਣਗੇ।

# 41 ਸਾਲਾਂ ਬਾਅਦ ਸੱਜਣ ਕੁਮਾਰ ਨੂੰ ਮਿਲੀ ਸਜਾ ਨੂੰ ਇਨਸਾਫ ਨਹੀਂ ਕਿਹਾ ਜਾ ਸਕਦਾ—ਦਿਓਲ

ਫ਼ਿਰੋਜ਼ਪੁਰ, 26 ਫਰਵਰੀ (ਮਨੋਹਰ ਲਾਲ) :— ਬੀਤੇ ਦਿਨੀ ਸੱਜਣ ਕੁਮਾਰ ਨੂੰ ਹੋਈ ਉਮਰ ਕੈਦ ਦੇ ਸਬੰਧ ਵਿਚ ਤੇਜਿੰਦਰ ਸਿੰਘ ਦਿਓਲ ਯੂਥ ਪ੍ਰਧਾਨ ਪੰਜਾਬ ਨੇ ਕਿਹਾ ਕੇ 41 ਸਾਲਾਂ ਬਾਅਦ ਮਿਲਣ ਵਾਲੇ ਇਨਸਾਫ



ਨੂੰ ਇਨਸਾਫ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਹਜ਼ਾਰਾਂ ਨਿਰਦੋਸ਼ ਸਿਖਾਂ ਦੀ ਨਸਲਕੁਸ਼ੀ ਕਰਨ ਬਦਲੇ 41 ਸਾਲਾਂ ਬਾਅਦ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜਾ ਸੁਣਾਉਣੀ ਕਿੱਧਰ ਦਾ ਇਨਸਾਫ ਹੋਇਆ, ਇਸ ਦਾ ਮਤਲਬ ਜੇਕਰ ਇਕੱਲਾ ਸੱਜਣ ਕੁਮਾਰ ਹੀ ਦੋਸ਼ੀ ਸੀ ਤਾਂ ਹਜ਼ਾਰਾਂ ਸਿੱਖਾਂ ਦਾ ਕਤਲ ਇਕ ਬੰਦੇ ਨੇ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਅਦਾਲਤ ਸਾਹਮਣੇ ਸਾਰੇ ਸਬੂਤ ਸਨ ਫੇਰ 41 ਸਾਲ ਫੈਸਲਾ ਕਿਉ ਲੰਮਕਿਆ ਅਸਲ ਵਿਚ ਭਾਰਤ ਦਾ ਕਾਨੂੰਨ ਸਿਰਫ ਘੱਟ ਗਿਣਤੀਆਂ ਅਤੇ ਕਮਜ਼ੋਰ ਲੋਕਾਂ ਨੂੰ ਹੀ ਸਜ਼ਾ ਦੇ ਸਕਦਾ ਹੈ ਅਤੇ ਤਾਕਤਵਰ ਲੋਕ ਹਮੇਸ਼ਾ ਜ਼ੁਲਮ ਕਰਕੇ ਬਚ ਜਾਂਦੇ ਹਨ ਇਸ ਇਨਸਾਫ ਦੀ ਉਡੀਕ ਕਰਦਿਆਂ ਅਨੇਕਾਂ ਜਿੰਦੜੀਆਂ ਇਸ ਸੰਸਾਰ ਤੋਂ ਜਾ ਚੁੱਕੀਆਂ ਹਨ, ਉਨ੍ਹਾਂ ਨੂੰ ਇਸ ਇਨਸਾਫ ਦਾ ਕੀ ਲਾਭ ਇਹ ਸਿਰਫ ਸਿੱਖਾਂ ਨੂੰ ਇਨਸਾਫ ਦੇ ਨਾਂ ਤੇ ਦਿੱਤਾ ਗਿਆ ਇਕ ਲੋਲੀ ਪੌਪ ਹੈ। ਗੱਲਬਾਤ ਕਰਦਿਆਂ ਤੇਜਿੰਦਰ ਸਿੰਘ ਦਿਓਲ ਨੇ ਕਿਹਾ ਕਿ ਇਸ ਲਈ ਜੇਕਰ ਅਦਾਲਤਾਂ ਅਤੇ ਭਾਰਤ ਸਰਕਾਰ ਸਿੱਖਾਂ ਨੂੰ ਸੱਚਮੁੱਚ ਹੀ ਇਨਸਾਫ ਦੇਣਾ ਚਾਹੁੰਦੀਆਂ ਹਨ ਤਾਂ ਬਾਕੀ ਵੀ ਸਾਰੇ ਦੋਸ਼ੀਆਂ ਨੂੰ ਸਜਾ ਹੋਣੀ ਚਾਹੀਦੀ ਹੈ ਉਹ ਵੀ ਪੀੜਤਾਂ ਦੇ ਜ਼ਿੰਦਾ ਰਹਿਣ ਤੱਕ ਨਹੀਂ ਤਾਂ ਬਾਅਦ ਵਿਚ ਮਿਲੇ ਇਨਸਾਫ ਨੂੰ ਇਨਸਾਫ ਨਹੀਂ ਕਿਹਾ ਜਾ ਸਕਦਾ। ਇਸ ਮੌਕੇ ਜਤਿੰਦਰ ਸਿੰਘ ਥਿੰਦ ਸੀਨੀਅਰ ਮੀਤ ਪ੍ਰਧਾਨ, ਜਗਜੀਤ ਸਿੰਘ ਸ਼ੁਸ਼ਕ ਤਾਲਮੇਲ ਸਕੱਤਰ ਯੂਥ ਵਿੰਗ ਪੰਜਾਬ, ਗੁਰਚਰਨ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ, ਗੁਰਵਿੰਦਰ ਸਿੰਘ ਮਹਾਲਮ ਜ਼ਿਲ੍ਹਾ ਯੂਥ ਪ੍ਰਧਾਨ ਫਿਰੋਜ਼ਪੁਰ ਆਦਿ ਹਾਜ਼ਿਰ ਸਨ।

# ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਵੱਲੋਂ 3 ਮਾਰਚ ਨੂੰ ਸ਼ੁਰੂ ਕੀਤੀਆਂ ਜਾਣਗੀਆਂ ਰੋਸ ਰੈਲੀਆਂ



ਫ਼ਿਰੋਜ਼ਪੁਰ, 26 ਫਰਵਰੀ (ਮਨੋਹਰ ਲਾਲ) :— ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਸਰਕਲ ਫ਼ਿਰੋਜ਼ਪੁਰ ਵਿਖੇ ਜਥੇਬੰਦੀ ਦੀ ਮੀਟਿੰਗ ਯੂਨੀਅਨ ਦਫਤਰ ਵਿਖੇ ਅਸ਼ਵਨੀ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਜਥੇਬੰਦੀ ਦੇ ਆਗੂਆਂ ਸੁਖਚੈਨ ਸਿੰਘ ਸਰਕਲ ਸਕੱਤਰ ਤੇ ਰਾਜੇਸ਼ ਦੱਤਾ ਜ਼ੋਨ ਆਗੂ, ਰਾਕੇਸ਼ ਸੈਣੀ ਡਵੀਜਨ ਸਕੱਤਰ, ਲਖਬੀਰ ਸਿੰਘ ਪੰਜਾਬ ਆਗੂ, ਸਵਰਨ ਸਿੰਘ, ਤਰਲੋਚਨ ਸਿੰਘ, ਸੁਖਦੇਵ ਸਿੰਘ, ਬਲਕਾਰ ਸਿੰਘ ਭੁੱਲਰ, ਸੁਖਦੇਵ ਸਿੰਘ ਬੱਗੀ ਪਤਨੀ ਪੰਜਾਬ ਆਗੂ, ਰੋਸ਼ਨ ਲਾਲ, ਬਲਵੀਰ ਸਿੰਘ ਆਦਿ ਆਗੂਆਂ ਨੇ ਮੁਲਾਜ਼ਮਾਂ ਦੇ ਕੰਮਕਾਰਾਂ ਦੇ ਸਬੰਧ ਵਿਚ ਅਤੇ ਵਧੀਕ ਨਿਗਰਾਨ ਇੰਜੀਨੀਅਰ ਟੈਕ ਨਵਨੀਤ ਕੁਮਾਰ ਖਿਲਾਫ ਲੰਬੇ ਸਮੇਂ ਤੋਂ ਚੱਲ ਰਹੇ ਸੰਘਰਸ਼ ਦੇ ਸਬੰਧ ਵਿਚ ਵਿਚਾਰ ਚਰਚਾ ਕੀਤੀ। ਲੰਬੇ ਸਮੇਂ ਤੋਂ ਚੱਲ ਰਹੇ ਸੰਘਰਸ਼ ਦਾ ਜ਼ਿਕਰ ਕਰਦਿਆਂ ਆਗੂਆਂ ਨੇ ਕਿਹਾ ਕਿ ਡਵੀਜਨ ਪੱਧਰ ਤੇ ਵੱਖ—ਵੱਖ ਡਵੀਜਨਾਂ ਵਿਚ 3 ਮਾਰਚ ਨੂੰ ਸ਼ਹਿਰੀ ਮੰਡਲ ਫ਼ਿਰੋਜ਼ਪੁਰ ਦੇ ਮੇਨ ਗੇਟ ਸਾਹਮਣੇ ਗੇਟ ਰੈਲੀ ਕੀਤੀ ਜਾਵੇਗੀ ਅਤੇ ਇਸੀ ਤਰ੍ਹਾਂ ਜ਼ੀਰਾ ਮੰਡਲ ਵਿਖੇ 6 ਮਾਰਚ ਨੂੰ ਸਬ ਅਰਬਨ ਮੰਡਲ ਵਿਖੇ 10 ਮਾਰਚ ਨੂੰ ਅਤੇ ਜਲਾਲਾਬਾਦ ਮੰਡਲ ਵਿਖੇ 11 ਮਾਰਚ ਨੂੰ ਵਧੀਕ ਨਿਗਰਾਨ ਇੰਜੀਨੀਅਰ ਟੈਕ ਨਵਨੀਤ ਕੁਮਾਰ ਵਿਰੁੱਧ ਗੇਟ ਰੈਲੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਇਸ ਤੋਂ ਬਾਅਦ ਕੋਈ ਫੈਸਲਾ ਨਾ ਹੋਇਆ ਤਾਂ 20 ਮਾਰਚ ਨੂੰ ਸਰਕਲ ਪੱਧਰ ਤੇ ਮੇਨ ਗੇਟ ਤੋਂ ਬਾਹਰ ਵੱਡੇ ਪੱਧਰ ਤੇ ਸੀਨੀਅਰ ਅਧਿਕਾਰੀਆਂ ਨੂੰ ਨੋਟਿਸ ਦੇ ਕੇ ਧਰਨਾ ਦਿੱਤਾ ਜਾਵੇਗਾ।

### ਸ੍ਰੀ ਅਕਾਲ ਤਖ਼ਤ ਸਾਹਿਬ ਨੂੰ

# ਵੰਗਾਰ ਰਹੇ ਨੇ ਬਾਦਲਕੇ : ਬੀਬੀ ਕੁਲਵਿੰਦਰ ਕੌਰ



**ਅੰਮ੍ਰਿਤਸਰ, 26 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਸੀਨੀਅਰ ਆਗੂ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਨੇ ਕਿਹਾ ਕਿ ਦੋ ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਏ ਫੈਸਲਿਆਂ ਕਾਰਨ ਸੁਖਬੀਰ ਸਿੰਘ ਬਾਦਲ, ਵਿਰਸਾ ਸਿੰਘ ਵਲਟੋਹਾ ਅਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਾਡੇ ਤਖਤਾਂ ਦੇ ਜਥੇਦਾਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਕਿਰਦਾਰਕੁਸ਼ੀ ਕਰਨੀ, ਡਰਾਉਣਾ, ਧਮਕਾਉਣਾ ਤੇ ਦਬਾਅ ਪਾਉਣਾ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰੀ ਤੋਂ ਲਾਂਭੇ ਕਰ ਦੇਣਾ ਇਸੇ ਕੜੀ ਦਾ ਹਿੱਸਾ ਹੈ। ਉਹਨਾਂ ਕਿਹਾ ਕਿ ਬਾਦਲਕੇ ਬੁਖਲਾਹਟ ਵਿੱਚ ਆ ਚੁੱਕੇ ਹਨ, ਬਾਦਲ ਦਲ ਦੁਬਾਰਾ ਫਿਰ ਅਕਾਲੀ ਦਲ ਉੱਤੇ ਆਪਣਾ ਕਬਜ਼ਾ ਜਮਾਉਣਾ ਚਾਹੁੰਦਾ ਹੈ, ਬਾਦਲਕਿਆਂ ਨੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦਾ ਵੱਕਾਰ ਰੋਲ ਦਿੱਤਾ ਹੈ। ਹੁਣ ਨਾ ਤਾਂ ਉਹ ਸੱਤ ਮੈਂਬਰੀ ਕਮੇਟੀ ਨੂੰ ਮੰਨਣ ਲਈ ਤਿਆਰ ਹਨ ਅਤੇ ਨਾ ਹੀ ਚੰਗੇ ਗੁਰਸਿੱਖਾਂ ਦੇ ਹੱਥਾਂ ਵਿੱਚ ਅਕਾਲੀ ਦਲ ਦੀ ਵਾਂਗਡੋਰ ਵੇਖਣਾ ਚਾਹੁੰਦੇ ਹਨ। ਬੀਬੀ ਕੁਲਵਿੰਦਰ ਕੌਰ ਖਾਲਸਾ ਨੇ ਕਿਹਾ ਕਿ ਬਾਦਲਕਿਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮਿਆਂ ਦੀ ਉਲੰਘਣਾ ਕੀਤੀ ਹੈ ਤੇ ਉਹ ਲਗਾਤਾਰ ਤਖਤ ਸਾਹਿਬ ਦੀ ਹੇਠੀ ਕਰ ਰਹੇ ਹਨ। ਉਹਨਾਂ ਕਿਹਾ ਕਿ ਇਸ ਸਮੇਂ ਬਾਦਲਕਿਆਂ ਵੱਲੋਂ ਤਖਤਾਂ ਦੇ ਜਥੇਦਾਰਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਵਿਰੁੱਧ ਸਾਨੂੰ ਸਭ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ। ਬੀਬੀ ਕੁਲਵਿੰਦਰ ਕੌਰ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੀ ਬਾਦਲਾਂ ਦਾ ਚਾਪਲੂਸ ਬਣਿਆ ਹੋਇਆ ਤੇ ਉਹ ਅਸਤੀਫੇ ਦੇਣ ਦੇ ਡਰਾਮੇ ਕਰ ਰਿਹਾ ਹੈ ਤਾਂ ਜੋ ਕਿਸੇ ਤਰ੍ਹਾਂ ਬਾਦਲਕਿਆਂ ਨੂੰ ਮਜਬੂਤ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਬਾਦਲਾਂ ਨੇ ਸਾਡੇ ਤਖਤਾਂ ਦਾ ਮਜ਼ਾਕ ਬਣਾ ਧਰਿਆ ਹੈ। ਬੀਬੀ ਕੁਲਵਿੰਦਰ ਕੌਰ ਨੇ ਕਿਹਾ ਕਿ ਆਉਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਬਾਦਲਕਿਆਂ ਦਾ ਸਫਾਇਆ ਕੀਤਾ ਜਾਏਗਾ ਅਤੇ ਗੁਰਧਾਮਾਂ ਦੀ ਸੇਵਾ ਸੰਭਾਲ ਦਾ ਕਾਰਜ ਚੰਗੇ ਗੁਰਸਿੱਖਾਂ ਹੱਥ ਹੋਵੇਗਾ।

### ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ (ਪੀ.ਪੀ.ਪੀ.ਐੱਫ਼.) ਨੇ ਵਜਾਇਆ ਸੰਘਰਸ਼ ਦਾ ਬਿਗੁਲ

# ਬਜਟ ਸੈਸ਼ਨ ਦੌਰਾਨ ਵਿਧਾਨ ਸਭਾ ਵੱਲ ਹੋਣ ਵਾਲੇ ਮੁਲਾਜ਼ਮਾਂ ਦੇ ਸੂਬਾਈ ਮਾਰਚ ਵਿੱਚ ਕੀਤੀ ਜਾਵੇਗੀ ਭਰਵੀਂ ਸ਼ਮੂਲੀਅਤ




**ਹੁਸ਼ਿਆਰਪੁਰ , 26 ਫਰਵਰੀ (ਆਵਾਜ਼ਿ ਕੌਮ ਬਿਊਰੋ)**- ਐੱਨ.ਪੀ.ਐੱਸ. ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਸੰਘਰਸ਼ੀਲ ਜਥੇਬੰਦੀ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ.ਪੀ.ਪੀ.ਐੱਫ਼.) ਨੇ ਪੁਰਾਣੀ ਪੈਨਸ਼ਨ ਸਕੀਮ ਦਾ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਬਾਅਦ ਵੀ ਇਸਨੂੰ ਲਾਗੂ ਕਰਨ ਤੋਂ ਪਾਸਾ ਵੱਟ ਰਹੀ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਜਥੇਬੰਦੀ ਦੇ ਸੂਬਾ ਕਨਵੀਨਰ ਅਤਿੰਦਰ ਪਾਲ ਸਿੰਘ, ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਮਨਜੀਤ ਸਿੰਘ ਦਸੂਹਾ, ਗੁਰਵਿੰਦਰ ਖਹਿਰਾ ਅਤੇ ਦਲਜੀਤ ਸਫੀਪੁਰ ਆਦਿ ਆਗੂਆਂ ਨੇ ਦੱਸਿਆ ਕਿ ਜਥੇਬੰਦੀ ਵਲੋ ਕੇਂਦਰ ਸਰਕਾਰ ਵੱਲੋਂ ਤਜਵੀਜ਼ਤ ਯੂ.ਪੀ.ਐੱਸ. ਪੈਨਸ਼ਨ ਸਕੀਮ ਨੂੰ ਰੱਦ ਕਰਦਿਆਂ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਕੀਤੇ ਕਾਗਜ਼ੀ ਨੋਟੀਫਿਕੇਸ਼ਨ ਨੂੰ ਠੰਢੇ ਬਸਤੇ ਵਿੱਚ ਪਾ ਕੇ ਯੂ.ਪੀ.ਐੱਸ. ਸਕੀਮ ਨੂੰ ਲਾਗੂ ਕਰਨ ਹਿੱਤ ਅਫਸਰਸ਼ਾਹੀ ਨੂੰ ਨਿਰਦੇਸ਼ ਦੇਣਾ ਜਿੱਥੇ ਮੁਲਾਜ਼ਮਾਂ ਨਾਲ਼ ਵੱਡਾ ਧੋਖਾ ਹੈ ਉੱਥੇ ਕੇਂਦਰ ਸਰਕਾਰ ਦੀ ਸੂਬਿਆਂ ਦੇ ਮਾਮਲਿਆਂ ਵਿੱਚ ਕੀਤੀ ਜਾ ਰਹੀ ਦਖਲਅੰਦਾਜ਼ੀ ਅੱਗੇ ਗੋਡੇ ਟੇਕਣਾ ਵੀ ਹੈ। ਜ਼ਿਕਰਯੋਗ ਹੈ ਕਿ ਸੰਵਿਧਾਨ ਵਿੱਚ ਪੈਨਸ਼ਨ ਸਟੇਟ ਸੂਚੀ ਵਿੱਚ ਸ਼ਾਮਲ ਹੈ ਜਿਸਦੇ ਬਾਰੇ ਫੈਸਲਾ ਲੈਣ ਦਾ ਅਖਤਿਆਰ ਸੂਬਾ ਸਰਕਾਰਾਂ ਕੋਲ਼ ਹੁੰਦਾ ਹੈ ਪਰ ਪੰਜਾਬ ਸਰਕਾਰ ਸੂਬੇ ਵਿੱਚ ਕੇਂਦਰ ਸਰਕਾਰ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਜਾ ਰਹੀ ਹੈ। ਪੰਜਾਬ ਸਰਕਾਰ ਦੀ ਇਸ ਵਾਅਦਾਖਿਲਾਫੀ ਖਿਲਾਫ ਪੈਨਸ਼ਨ ਦੇ ਮੁੱਦੇ ਉੱਤੇ ਆਉਣ ਵਾਲੇ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਪੰਜਾਬ ਦੇ ਸਮੂਹ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਨੂੰ 1 ਤੋਂ 7 ਮਾਰਚ ਤੱਕ ਮੰਗ ਪੱਤਰ ਦਿੱਤੇ ਜਾਣਗੇ ਅਤੇ 1 ਮਈ ਨੂੰ ਮਜ਼ਦੂਰ ਦਿਵਸ ਮੌਕੇ ਪੰਜਾਬ ਦੇ ਸਾਰੇ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਅਤੇ ਦਫ਼ਤਰਾਂ ਅੱਗੇ ਇੱਕ ਦਿਨਾਂ ਭੁੱਖ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਮੋਰਚੇ ਵੱਲੋਂ ਬਜਟ ਸੈਸ਼ਨ ਦੌਰਾਨ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲੀ ਸਮੇਤ ਅਹਿਮ ਵਿੱਤੀ ਮੰਗਾਂ ਨੂੰ ਲੈ ਕੇ ਕੀਤੀਆਂ ਜਾਣ ਵਾਲੀਆਂ ਚਾਰ ਦਿਨ ਦੀਆਂ ਲਗਾਤਾਰ ਰੈਲੀਆਂ ਅਤੇ ਵਿਧਾਨ ਸਭਾ ਚੰਡੀਗੜ ਵੱਲ ਮਾਰਚ ਕਰਨ ਦੇ ਕੀਤੇ ਜਾ ਰਹੇ ਐਕਸ਼ਨਾਂ ਵਿੱਚ ਵੀ ਪੀ.ਪੀ.ਪੀ.ਐੱਫ਼. ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਫਰੰਟ ਦੇ ਆਗੂਆਂ ਨੇ ਕਿਹਾ ਪੰਜਾਬ ਅੰਦਰ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਵਾਉਣ ਲਈ ਫਰੰਟ ਵੱਲੋਂ ਜਿੱਥੇ ਪੈਨਸ਼ਨ ਲਈ ਬਣਾਏ ਸਾਂਝੇ ਮੰਚ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੋਰਚਾ ਨੂੰ ਮੁੜ ਸਰਗਰਮ ਕਰਨ ਦੇ ਯਤਨ ਜਾਰੀ ਰੱਖੇ ਜਾਣਗੇ ਉੱਥੇ ਅਪ੍ਰੈਲ ਮਹੀਨੇ ਵਿੱਚ ਦੁਬਾਰਾ ਸੂਬਾ ਕਮੇਟੀ ਮੀਟਿੰਗ ਕਰਕੇ ਸੂਬਾਈ ਐਕਸ਼ਨ ਦਾ ਐਲਾਨ ਵੀ ਕੀਤਾ ਜਾਵੇਗਾ। ਇਸ ਮੌਕੇ ਡੀ.ਐੱਮ.ਐੱਫ. ਦੇ ਸੂਬਾ ਸਕੱਤਰ ਹਰਦੀਪ ਟੋਡਰਪੁਰ, ਜਸਵਿੰਦਰ ਸਿੰਘ, ਕੰਵਰਦੀਪ ਸਿੰਘ ਢਿੱਲੋਂ, ਅਮਰਜੀਤ ਸਿੰਘ, ਗੁਰਵਿੰਦਰ ਸਿੰਘ, ਨਿਰਮਲ ਸਿੰਘ, ਅਮਰਦੀਪ ਸ਼ਰਮਾ, ਸਤਪਾਲ ਸਮਾਣਵੀ, ਰਮਨ ਸਿੰਗਲਾ, ਜਗਜੀਤ ਸਿੰਘ, ਅਮਰੀਕ ਸਿੰਘ, ਮਨਿੰਦਰ ਸਿੰਘ, ਰਜਿੰਦਰ ਗੁਰੂ, ਰਮਨ ਮਹਾਜਨ, ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਜਗਦੀਪ ਸਿੰਘ ਅਤੇ ਸੁਰਜੀਤ ਸਨੌਰਾ ਆਦਿ ਆਗੂ ਵੀ ਹਾਜ਼ਰ ਸਨ।

# ਹੁਸ਼ਿਆਰਪੁਰ ਨੇਚਰ ਫੈਸਟ-2025: ਕੁਦਰਤ, ਸਾਹਸ ਅਤੇ ਸੱਭਿਆਚਾਰ ਦਾ ਇੱਕ ਸ਼ਾਨਦਾਰ ਸਮਾਪਨ

- ਨੇਚਰ ਫੈਸਟ ਦੇ ਆਖਰੀ ਦਿਨ ਲੋਕਾਂ ਨੇ ਬੋਟਿੰਗ, ਜੰਗਲ ਸਫਾਰੀ ਅਤੇ ਪਤੰਗ ਸ਼ੋਅ ਦਾ ਮਾਣਿਆ ਆਨੰਦ • ਮਸ਼ਹੂਰ ਪੰਜਾਬੀ ਗਾਇਕ ਕੰਵਰ ਗਰੇਵਾਲ ਨੇ ਆਪਣੀ ਮਨਮੋਹਕ ਗਾਇਕੀ ਨਾਲ ਸਭ ਨੂੰ ਕੀਲਿਆ





**ਹੁਸ਼ਿਆਰਪੁਰ , 26 ਫਰਵਰੀ (ਆਵਾਜ਼ਿ ਕੌਮ ਬਿਊਰੋ)**- ਪੰਜ ਰੋਜ਼ਾ ਹੁਸ਼ਿਆਰਪੁਰ ਨੇਚਰ ਫੈਸਟ-2025 ਇੱਕ ਅਭੁੱਲ ਤਜਰਬੇ ਨਾਲ ਸਮਾਪਤ ਹੋਇਆ ਜਿਸ ਵਿੱਚ ਕੁਦਰਤ ਪ੍ਰੇਮੀਆਂ, ਸੈਲਾਨੀਆਂ ਅਤੇ ਸਥਾਨਕ ਲੋਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਹ ਫੈਸਟ ਨਾ ਸਿਰਫ਼ ਮਨੋਰੰਜਨ ਦਾ ਮਾਧਿਅਮ ਬਣ ਗਿਆ, ਸਗੋਂ ਕੁਦਰਤ ਦੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਅਤੇ ਵਾਤਾਵਰਣ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਇੱਕ ਮਜਬੂਤ ਪਲੇਟਫਾਰਮ ਵੀ ਸਾਬਤ ਹੋਇਆ। ਫੈਸਟ ਦੇ ਆਖਰੀ ਦਿਨ ਸੈਲਾਨੀਆਂ ਨੇ ਨੇਚਰ ਰੀਟਰੀਟ ਚੌਹਾਲ ਵਿਖੇ ਬੋਟਿੰਗ ਦਾ ਆਨੰਦ ਮਾਣਿਆ। ਸ਼ਾਂਤ ਪਾਣੀ ਵਿੱਚ ਬੋਟਿੰਗ ਕਰਦੇ ਹੋਏ, ਉਸਨੇ ਕੁਦਰਤ ਦੀ ਵਿਲੱਖਣ ਸ਼ਾਨ ਦਾ ਅਨੁਭਵ ਕੀਤਾ। ਇਸ ਦੇ ਨਾਲ ਹੀ ਜੰਗਲ ਸਫਾਰੀ ਦੌਰਾਨ ਸੈਲਾਨੀਆਂ ਨੇ ਸੰਘਣੇ ਜੰਗਲਾਂ ਵਿੱਚ ਜੰਗਲੀ ਜੀਵਾਂ ਨੂੰ ਨੇੜਿਓਂ ਦੇਖਿਆ ਅਤੇ ਕੁਦਰਤ ਨਾਲ ਡੂੰਘੀ ਸਾਂਝ ਮਹਿਸੂਸ ਕੀਤੀ। ਸਮਾਪਨ 'ਤੇ ਪਤੰਗਾਂ ਦਾ ਸ਼ੋਅ ਵੀ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਰੰਗਾਂ, ਆਕਾਰਾਂ ਅਤੇ ਡਿਜ਼ਾਈਨਾਂ ਦੀਆਂ ਪਤੰਗਾਂ ਨੇ ਅਸਮਾਨ ਨੂੰ ਰੌਸ਼ਨ ਕੀਤਾ। ਇਸ ਮਨਮੋਹਕ ਨਜ਼ਾਰਾ ਨੇ ਦਰਸ਼ਕਾਂ ਨੂੰ ਰੋਮਾਂਚਿਤ ਕਰ ਦਿੱਤਾ ਅਤੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਾਰਿਆਂ ਨੇ ਇਸ ਅਨੁਭਵ ਦਾ ਭਰਪੂਰ ਆਨੰਦ ਲਿਆ। ਫੈਸਟ ਦੌਰਾਨ ਕਰਵਾਏ ਗਏ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਲੋਕ ਨਾਚ, ਸੰਗੀਤ ਅਤੇ ਨਾਟਕ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਵੱਖ-ਵੱਖ ਕਲਾਕਾਰਾਂ ਨੇ ਆਪਣੀ ਕਲਾ ਅਤੇ ਪਰੰਪਰਾਵਾਂ ਦਾ ਪ੍ਰਦਰਸ਼ਨ ਕਰਕੇ ਪ੍ਰੋਗਰਾਮ ਨੂੰ ਯਾਦਗਾਰੀ ਬਣਾਇਆ। ਦਰਸ਼ਕਾਂ ਨੇ ਸੰਗੀਤ ਦੀਆਂ ਧੁਨਾਂ 'ਤੇ ਨੱਚ ਕੇ ਸ਼ਾਮ ਦਾ ਖੂਬ ਆਨੰਦ ਮਾਣਿਆ। ਫੈਸਟ ਦੇ ਸਮਾਪਨ ਦੀ ਖਾਸ ਗੱਲ ਸੀ ਸਟਾਰ ਨਾਈਟ, ਜਿਸ ਵਿੱਚ ਮਸ਼ਹੂਰ ਪੰਜਾਬੀ ਗਾਇਕ ਕੰਵਰ ਗਰੇਵਾਲ ਨੇ ਆਪਣੀ ਮਨਮੋਹਕ ਗਾਇਕੀ ਨਾਲ ਸਮਾਂ ਬੰਨ ਦਿੱਤਾ। ਉਨ੍ਹਾਂ ਦੇ ਪ੍ਰਸਿੱਧ ਗੀਤਾਂ ਨੇ ਸਰੋਤਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ ਅਤੇ ਪੂਰੇ ਮਾਹੌਲ ਨੂੰ ਇੱਕ ਵੱਖਰੀ ਊਰਜਾ ਨਾਲ ਭਰ ਦਿੱਤਾ। ਇਸ ਮੌਕੇ ਡਿਪਟੀ ਕਮਿਸ਼ਨਰ ਮੁਹਾਲੀ ਕੋਮਲ ਮਿੱਤਲ, ਏਡੀਸੀ ਨਿਕਾਸ ਕੁਮਾਰ, ਐਸਡੀਐਮ ਟਾਂਡਾ ਪੰਕਜ ਕੁਮਾਰ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਫੈਸਟ ਦੇ ਆਖ਼ਰੀ ਦਿਨ ਵੱਖ-ਵੱਖ ਰਾਜਾਂ ਤੋਂ ਆਏ ਦਸਤਕਾਰੀ, ਕੱਪੜੇ, ਗਹਿਣੇ, ਝੂਲੇ ਅਤੇ ਸਥਾਨਕ ਪਕਵਾਨਾਂ ਦੇ ਸਟਾਲ ਲੋਕਾਂ ਦੀ ਖਿੱਚ ਦਾ ਕੇਂਦਰ ਰਹੇ। ਸੈਲਾਨੀਆਂ ਨੇ ਭਾਰੀ ਖਰੀਦਦਾਰੀ ਕੀਤੀ ਅਤੇ ਸਥਾਨਕ ਕਾਰੀਗਰਾਂ ਦੁਆਰਾ ਬਣਾਏ ਉਤਪਾਦਾਂ ਦੀ ਸ਼ਲਾਘਾ ਕੀਤੀ। ਹੁਸ਼ਿਆਰਪੁਰ ਨੇਚਰ ਫੈਸਟ-2025 ਦੀ ਸਫਲਤਾ ਨੇ ਸਾਬਤ ਕਰ ਦਿੱਤਾ ਹੈ ਕਿ ਕੁਦਰਤ ਦੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਦੀਆਂ ਅਪਾਰ ਸੰਭਾਵਨਾਵਾਂ ਹਨ।

# 41 ਸਾਲ ਬਾਅਦ ਮਿਲਿਆ 1984 ਨਸਲਕੁਸ਼ੀ ਦਾ ਇਨਸਾਫ—ਭੁੱਲਰ



ਫ਼ਿਰੋਜ਼ਪੁਰ, 26 ਫਰਵਰੀ (ਮਨੋਹਰ ਲਾਲ) :— ਅੱਜ ਇੱਕ ਪ੍ਰੈਸ ਨੋਟ ਰਾਹੀ ਗੁਰਚਰਨ ਸਿੰਘ ਭੁੱਲਰ ਜਿਲ੍ਹਾ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਿਲਾ ਫਿਰੋਜ਼ਪੁਰ ਨੇ ਕਿਹਾ ਕਿ 1984 ਵਿੱਚ ਬੇਦੋਸ਼ੇ ਲੋਕਾਂ ਦਾ ਅੰਨੇਵਾਹ ਕਤਲ ਕਰਾਉਣ, ਲੁੱਟ ਮਾਰ ਕਰਾਉਣ ਵਾਲੇ ਅਤੇ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੇ ਸੱਜਣ ਕੁਮਾਰ ਕਾਤਲ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਕੇ ਸਿੱਖਾਂ ਦੇ ਜਖਮਾਂ ਤੇ ਮੱਲਮ ਲਗਾਈ ਹੈ, ਜਿਸ ਤੇ ਅਸੀਂ ਉਨ੍ਹਾਂ ਜੱਜ ਸਾਹਿਬਾਨਾਂ ਦਾ ਧੰਨਵਾਦ ਕਰਦੇ ਹਾਂ, ਜਿੰਨਾਂ ਨੇ 41 ਸਾਲ ਬਾਅਦ ਸਿੱਖਾਂ ਦੇ ਕਾਤਲ ਸੱਜਣ ਕੁਮਾਰ ਨੂੰ ਸਜਾ ਸਣਾਈ। ਪ੍ਰਧਾਨ ਗੁਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਹਿੰਦੋਸਤਾਨ ਵਿੱਚ ਇਨਸਾਫ ਲੈਣ ਲਈ 41 ਸਾਲ ਤੱਕ ਜਦੋ ਜਹਿਦ ਕਰਨ ਵਾਲੇ ਸਿੱਖਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ, ਵਕੀਲ ਸਾਹਿਬਾਨ ਦਾ ਧੰਨਵਾਦ ਜਿਨ੍ਹਾਂ ਨੇ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਕੇਸ ਲੜ ਕੇ ਇਨਸਾਫ ਲਿਆ।

# ਫੈਡਰੇਸ਼ਨ ਮਹਿਤਾ ਵਲੋਂ ਸੱਜਣ ਕੁਮਾਰ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ ਦਾ ਸਵਾਗਤ—ਭਾਈ ਕੁਲਦੀਪ ਸਿੰਘ ਨੰਢਾ



ਫ਼ਿਰੋਜ਼ਪੁਰ, 26 ਫਰਵਰੀ (ਮਨੋਹਰ ਲਾਲ) :— ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣ ਵਾਲੇ ਫੈਸਲੇ ਦਾ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਸਮੂਹ ਵਰਕਰਾਂ ਨੇ ਭਰਵਾਂ ਸਵਾਗਤ ਕੀਤਾ ਹੈ। ਇਸ ਸੰਬੰਧੀ ਗੱਲਬਾਤ ਕਰਦਿਆਂ ਭਾਈ ਕੁਲਦੀਪ ਸਿੰਘ ਨੰਡਾ ਸ਼ਹਿਰੀ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ ਮਹਿਤਾ ਨੇ ਕਿਹਾ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿਚ 1984 ਦੀ ਸਿੱਖ ਨਸਲਕੁਸ਼ੀ ਦੌਰਾਨ ਹਜਾਰਾਂ ਬੇਦੋਸ਼ੇ ਸਿੱਖਾਂ ਦਾ ਅੰਨੇਵਾਹ ਕਤਲ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਸ ਸਿੱਖ ਨਸਲਕੁਸ਼ੀ ਵਿਚ ਬੇਹੱਦ ਕਰੂਰ ਭੂਮਿਕਾ ਨਿਭਾਉਣ ਵਾਲੇ ਸੱਜਣ ਕੁਮਾਰ ਨੂੰ ਦਿੱਲੀ ਦੀ ਰਾਊਜ਼ ਐਵੇਨਿਊ ਕੋਰਟ ਵਲੋਂ ਉਮਰ ਕੈਦ ਦੀ ਸਜਾ ਸੁਣਾਉਣ ਦੇ ਫੈਸਲੇ ਦਾ ਅਸੀਂ ਜੋਰਦਾਰ ਸਵਾਗਤ ਕਰਦੇ ਹਾਂ। ਇਸ ਸੰਬੰਧੀ ਅਸੀਂ ਜਿੱਥੇ ਜੱਜ ਸਾਹਿਬਾਨ ਦਾ ਧੰਨਵਾਦ ਕਰਦੇ ਹਾਂ ਉਥੇ ਅਸੀਂ ਇਨਸਾਫ ਲੈਣ ਲਈ ਕਈ ਦਹਾਕਿਆਂ ਤੋਂ ਜੂਝਦੇ ਆ ਰਹੇ ਵਕੀਲ ਭਾਈਚਾਰੇ ਅਤੇ ਸਿਰੜੀ ਗਵਾਹਾਂ ਦਾ ਵੀ ਧੰਨਵਾਦ ਕਰਦੇ ਹਾਂ ਜਿਨਾਂ ਨੇ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦਿਆਂ ਕਈ ਦਹਾਕੇ ਕੇਸ ਲੜ ਕੇ ਅੰਤ ਨੂੰ ਇਨਸਾਫ ਲਿਆ।

# ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੇ ਪੁੱਤਰ ਅਤੇ ਪੋਤਰੇ ਸਿਰ-ਮੂੰਹ ਮੁੰਨੇ ਹੋਏ ਹੋਣਗੇ ਤਾਂ ਕੌਮ ਦਾ ਕੀ ਬਣੇਗਾ : ਪੰਜੋਲੀ



**ਅੰਮ੍ਰਿਤਸਰ, 26 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਅੱਜ ਸਵੇਰੇ ਸਵੇਰੇ ਇੱਕ ਸ਼੍ਰੋਮਣੀ ਗੁਰਦੂਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਦੇ ਬੇਟੇ ਦੇ ਅਨੰਦ ਕਾਰਜ ਸਮਾਗਮ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ । ਜਦੋਂ ਮੈਂ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਤਾਂ ਲੜਕੇ ਦੇ ਰੋਮਾ ਦੀ ਕੀਤੀ ਬੇਅਦਬੀ ਵੇਖ ਕੇ ਮਨ ਨੂੰ ਬਹੁਤ ਦੁੱਖ ਹੋਇਆ ਕਿਉਕਿ ਮੈਂਬਰ ਮੇਰਾ ਮਿੱਤਰ ਵੀ ਹੈ ਅਤੇ ਹੈ ਵੀ ਸਿਧਾਂਤਿਕ । ਮੈਂ ਜਦੋਂ ਹੈੱਡ ਗ੍ਰੰਥੀ ਸਾਹਿਬ ਜਿਹਨਾਂ ਨੇ ਅਨੰਦਕਾਰਜਾ ਦੀ ਅਰਦਾਸ ਕੀਤੀ ਸੀ ਨਾਲ ਲੜਕੇ ਦੇ ਰੋਮਾ ਦੀ ਕੀਤੀ ਬੇਅਦਬੀ ਵਾਰੇ ਗੱਲ ਕੀਤੀ ਤਾ ਉਹਨਾ ਨੇ ਮੈਨੂੰ ਕਿਹਾ ਕਿ ਜੋ ਲੜਕਾ ਲਾੜੇ ਦੇ ਪਿੱਛੇ ਬੈਠਾ ਹੈ ਉਹ ਵੀ ਮੈਂਬਰ ਸਾਹਿਬ ਦਾ ਹੀ ਬੇਟਾ ਹੈ ਉਸ ਨੇ ਵੀ ਰੋਮਾ ਦੀ ਬੇਅਦਬੀ ਕੀਤੀ ਹੋਈ ਸੀ । ਸ਼੍ਰੋਮਣੀ ਗੁਰਦੂਆਰਾ ਪ੍ਰਬੰਧਕ ਕਮੇਟੀ ਦਾ ਇੱਕ ਮੈਂਬਰ ਜਿਹੜਾ ਕਈ ਵਾਰ ਮੈਂਬਰ ਬਣ ਚੁੱਕਿਆ ਹੈ ਉਸ ਦੇ ਦੋ ਪੋਤਰੇ ਹਨ ਦੋਵਾ ਨੇ ਰੋਮਾ ਦੀ ਬੇਅਦਬੀ ਕੀਤੀ ਹੋਈ ਹੈ । ਮੈਂ ਸਾਰਾ ਦਿਨ ਸੋਚਦਾ ਰਿਹਾ ਕਿ ਕਿਸੇ ਸਮੇਂ ਇਸੇ ਤਰਾ ਦੇ ਮਹੰਤ ਹੁੰਦੇ ਸਨ , ਜਿਹਨਾ ਦੇ ਬੱਚੇ ਪਤਿਤ ਸਨ ਅਤੇ ਆਪ ਉਹ ਇਖਲਾਕਹੀਣ ਸਨ । ਉਹਨਾ ਨੂੰ ਗੁਰਦੂਆਰਾ ਪ੍ਰਬੰਧ ਵਿੱਚੋਂ ਖਦੇੜਨ ਲਈ ਅਕਾਲੀਆਂ ਨੂੰ ਮੋਰਚੇ ਲਾਉਣੇ ਪਏ ਸਨ । ਹੁਣ ਅਕਾਲੀ ਪਤਿਤ ਅਤੇ ਮੈਂਬਰਾਂ ਦਾ ਕੁੰਨਬਾ ਵੀ ਪਤਿਤ ਫਿਰ ਸੁਧਾਰ ਕਿਥੋ ਹੋਏਗਾ ਅਤੇ ਕੌਣ ਕਰੇਗਾ । ਲਹੂ ਵੀਟਵੀ ਜੱਦੋਜਹਿਦ ਕਰਕੇ ਖਾਲਸਾ ਪੰਥ ਨੇ ਗੁਰਦੂਆਰੇ ਸਾਹਿਬਾਨ ਅਜ਼ਾਦ ਕਰਾਏ ਅਤੇ ਕੌਮੀ ਸੰਸਥਾਵਾਂ ਕੀਤੀਆਂ ਸਨ ਜਿਹਨਾ ਸੰਸਥਾਵਾਂ ਨੇ ਕੌਮੀ ਸਿਧਾਂਤ ਸਿਰਜਣੇ ਸਨ ਅਤੇ ਕੌਮ ਦਾ ਵਿਕਾਸ ਕਰਨਾ ਸੀ । ਧਾਰਮਿੱਕ ਅਤੇ ਰਾਜਨੀਤਕ ਲੀਡਰਾਂ ਦੇ ਜੀਵਨ ਵਿੱਚ ਆਈ ਗਿਰਾਵਟ ਅਤੇ ਉਹਨਾ ਦੇ ਪਤਿਤ ਪਰਿਵਾਰਾਂ ਨੂੰ ਵੇਖ ਕੇ ਸਾਡੀਆਂ ਆਉਣ ਵਾਲੀਆਂ ਪੀੜੀਆਂ ਕਿਸ ਤੋ ਸੇਧ ਲੈਣਗੀਆਂ। ਅਕਾਲੀ ਲੀਡਰਾਂ ਦੇ ਬੱਚੇ ਪਤਿਤ , ਮੈਂਬਰਾਂ ਸ਼੍ਰੋਮਣੀ ਕਮੇਟੀ ਦੇ ਬੱਚੇ ਪਤਿਤ , ਗ੍ਰੰਥੀਆਂ ਦੇ ਬੱਚੇ ਪਤਿਤ , ਰਾਗੀਆਂ ਦੇ ਬੱਚੇ ਪਤਿਤ ਢਾਡੀਆਂ ਦੇ ਬੱਚੇ ਪਤਿਤ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਦੇ ਬੱਚੇ ਪਤਿਤ । ਸਾਡੇ ਕਿਸੇ ਸਕੂਲ , ਕਾਲਜ ਜਾਂ ਯੁਨਵਰਸਟੀ ਵਿੱਚੋ ਕੌਮ ਦੀ ਇਹੋ ਜਹੀ ਪਨੀਰੀ ਨਹੀਂ ਨਿਕਲ ਰਹੀ ਜਿਹੜੀ ਕੌਮ ਦੀ ਅੱਡਰੀ ਅਜਾਦ ਅਤੇ ਨਿਆਰੀ ਹਸਤੀ ਬੱਲ ਦੇ ਸਕੇ।

# ਬਾਲ ਵਿਕਾਸ ਤੇ ਪ੍ਰੋਜੈਕਟ ਵਿਭਾਗ ਦੀਆਂ ਸੁਪਰਵਾਈਜ਼ਰਾ ਦੀ ਹੋਈ ਮੀਟਿੰਗ

### ਸੁਨੀਤਾ ਦੇਵੀ ਪ੍ਰਧਾਨ ਅਤੇ ਰੀਤਾ ਨੂੰ ਜਨਰਲ ਸਕੱਤਰ ਚੁਣਿਆ ਗਿਆ

**ਹੁਸ਼ਿਆਰਪੁਰ , 26 ਫਰਵਰੀ (ਆਵਾਜ਼ਿ ਕੌਮ ਬਿਊਰੋ)**- ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਜਿਲਾ ਹੁਸ਼ਿਆਰਪੁਰ ਦੇ ਵੱਖ-ਵੱਖ ਬਾਲ ਵਿਕਾਸ ਤੇ ਪ੍ਰੋਜੈਕਟ ਦਫਤਰਾਂ ਅੰਦਰ ਕੰਮ ਕਰਦੀਆਂ ਸੁਪਰਵਾਈਜ਼ਰਾ ਦੀ ਜਨਰਲ ਬਾਡੀ ਜਥੇਬੰਦਕ ਮੀਟਿੰਗ "ਆਲ ਪੰਜਾਬ ਸੁਪਰਵਾਈਜ਼ਰ ਐਸੋਸੀਏਸ਼ਨ" ਦੀ ਜਿਲਾ ਪ੍ਰਧਾਨ ਸੰਦੀਪ ਕੌਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਪ੍ਰੈਸ ਬਿਆਨ ਜਾਰੀ ਕਰਦਿਆਂ ਸ੍ਰੀਮਤੀ ਸ਼ਰਮੀਲਾ ਰਾਣੀ ਪ੍ਰੈੱਸ ਸਕੱਤਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਵੱਖ ਵੱਖ ਬਲਾਕਾਂ ਅੰਦਰ ਕੰਮ ਕਰਦੀਆਂ ਸੁਪਰਵਾਈਜ਼ਰਾਂ ਨੂੰ ਆ ਰਹੀਆਂ ਸਮੱਸਿਆਵਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਕਿ ਵਿਭਾਗੀ ਮੰਗਾਂ ਲਈ ਆਪਣੀ ਜਥੇਬੰਦੀ ਵੱਲੋਂ ਪੰਜਾਬ ਪੱਧਰ ਤੇ ਅਤੇ ਸਾਂਝੀਆਂ ਮੰਗਾਂ ਲਈ ਸਾਂਝੇ ਪੱਧਰ ਤੇ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਯੂਨੀਅਨ ਦੀ ਜਿਲਾ ਪੱਧਰੀ ਕਮੇਟੀ ਦਾ ਗਠਨ ਕੀਤਾ, ਜਿਸ ਵਿੱਚ ਸੁਨੀਤਾ ਦੇਵੀ ਸੁਪਰਵਾਈਜ਼ਰ ਬਲਾਕ ਹਾਜੀਪੁਰ ਨੂੰ ਇਸ ਕਮੇਟੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ, ਰਵਿੰਦਰ ਕੌਰ ਬਲਾਕ ਮੁਕੇਰੀਆਂ ਨੂੰ ਸੀਨੀਅਰ ਮੀਤ ਪ੍ਰਧਾਨ, ਮੋਨਿਕਾ ਸ਼ਰਮਾ ਬਲਾਕ ਭੂੰਗਾ ਨੂੰ ਮੀਤ ਪ੍ਰਧਾਨ, ਰਜਿੰਦਰ ਕੌਰ ਬਲਾਕ ਹੁਸ਼ਿਆਰਪੁਰ 1 ਨੂੰ ਵਿੱਤ ਸਕੱਤਰ, ਸੀਮਾ ਦੇਵੀ ਬਲਾਕ ਮੁਕੇਰੀਆਂ ਨੂੰ ਸਹਾਇਕ ਸਕੱਤਰ, ਗੀਤਾ ਬਲਾਕ ਹੁਸ਼ਿਆਰਪੁਰ 2 ਨੂੰ ਜਰਨਲ ਸਕੱਤਰ, ਸ਼ਰਮੀਲਾ ਰਾਣੀ ਬਲਾਕ ਹੁਸ਼ਿਆਰਪੁਰ 1 ਨੂੰ ਪ੍ਰੈਸ ਸਕੱਤਰ ਅਤੇ ਨਛੱਤਰ ਕੌਰ ਬਲਾਕ ਗੜਸ਼ੰਕਰ ਨੂੰ ਜਥੇਬੰਦਕ ਸਕੱਤਰ ਨਿਯੁਕਤ ਕੀਤਾ ਗਿਆ।

### ਬਾਬਾ ਗੁਰਪਾਲ ਸਿੰਘ ਚੋਰਮਾਰ ਵਾਲਿਆਂ ਦੇ ਸਪੁੱਤਰ ਦੇ ਵਿਆਹ ਸਮਾਗਮ ਵਿੱਚ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਮੂਲੀਅਤ










ਆਵਾਜ਼ਿ ਕੌਮ AWAZE QAUM International Newspaper & WEB TV









ਬਾਬਾ ਗੁਰਪਾਲ ਸਿੰਘ ਚੋਰਮਾਰ ਵਾਲਿਆ ਦੇ ਸੱਦੇ ਉੱਪਰ ਉਨਾਂ ਦੇ ਸਪੁੱਤਰ ਦੇ ਵਿਆਹ ਸਮਾਗਮ ਵਿੱਚ ਹਾਜ਼ਰੀ ਭਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸਰਦਾਰ ਗੁਰਪਾਲ ਸਿੰਘ ਗੋਰਾ ਮੈਂਬਰ,ਸਰਦਾਰ ਜਗਤਾਰ ਸਿੰਘ ਮਾਨ ਮਿੱਠੜੀ,ਸਿਰਪਾਓ ਭੇਂਟ ਕਰਕੇ ਸਨਮਾਨਿਤ ਕਰਦੇ ਹੋਏ ਬਾਬਾ ਗੁਰਪਾਲ ਸਿੰਘ ਚੋਰਮਾਰ।



### ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ ਵਿਖੇ

# ਦਰਸ਼ਨ ਦੀਦਾਰੇ ਕਰਨ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ

## ਤਖਤ ਸਾਹਿਬ ਵੱਲੋਂ ਪਹੁੰਚੇ ਸਮੂਹ ਪਤਵੰਤਿਆਂ ਦਾ ਜੋਸ਼ੋ ਖਰੋਸ਼ ਨਾਲ ਸਨਮਾਨ ਕੀਤਾ ਗਿਆ















(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਪੰਜ ਤਖਤਾਂ ਦੀ ਯਾਤਰਾ ਵਾਸਤੇ ਦਰਸ਼ਨ ਦੀਦਾਰਿਆਂ ਵਾਸਤੇ ਜੱਥਾ ਭੇਜਿਆ ਗਿਆ ।ਜਿਸ ਵਿੱਚ ਵਿਸ਼ੇਸ਼ ਤੌਰ ਤੇ ਭਾਈ ਰਘਬੀਰ ਸਿੰਘ ਜੀ ਮਾਲੜੀ ਯੂਕੇ ਵਿਸ਼ੇਸ਼ ਤੌਰ ਤੇ ਹਾਜਰ ਹੋਏ।ਨਾਲ ਹੀ ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ,ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜ਼ਰ ਪੰਜਾਬ, ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨਤਾਰਨ, ਸ੍ਰ ਗੁਰਬਖਸ਼ ਸਿੰਘ ਪੋਤਰਾ ਸ਼ਹੀਦ ਭਾਈ ਸਰਵਣ ਸਿੰਘ ਜੀ ਤਖਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ ਵਿਖੇ ਦਰਸ਼ਨ ਕਰਨ ਲਈ ਪਹੁੰਚੇ। ਭਾਈ ਰਘਬੀਰ ਸਿੰਘ ਜੀ ਮਾਲੜੀ ਯੂਕੇ ਹੁਰਾਂ ਨਾਲ ਮੇਲ ਮਿਲਾਪ ਹੋਇਆ ਤਖਤ ਸਾਹਿਬ ਤੋਂ ਪਹੁੰਚੇ ਸਮੂਹ ਪਤਵੰਤਿਆਂ ਦਾ ਸਨਮਾਨ ਕੀਤਾ ਗਿਆ ।ਇਸ ਮੌਕੇ ਭਾਈ ਰਾਜਪਾਲ ਸਿੰਘ ਜੀ ਬੋਪਾਰਾਏ,ਡਾ ਦਲਬੀਰ ਸਿੰਘ, ਭਾਈ ਗਿਆਨ ਸਿੰਘ ਪੰਨੂ, ਅਤੇ ਹੋਰ ਸੰਗਤਾਂ ਹਾਜਰ ਸਨ।



ਆਵਾਜ਼ਿ ਕੌਮ
AWAZE QAUM
International Newspaper & WEB TV